21-JAN-PAGE-1.qxd 1/20/2025 9:16 PM Page 1

ਮੰਗਲਵਾਰ, 21 ਜਨਵਰੀ, 2025
8 ਮਾਘ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 232

ਰੋਜ਼ਾਨਾ
ਨਵਾਂ ਜ਼ਮਾਨਾ

DAILY NAWAN ZAMANA • TUESDAY, 21 JANUARY, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

ਅਕਾਲੀ ਦਲ ਵੱਲੋਂ ਭਰਤੀ ਮੁਹਿੰਮ ਆਪਣੇ ਹਿਸਾਬ ਨਾਲ ਆਰੰਭ

ਸ੍ਰੀ ਮੁਕਤਸਰ ਸਾਹਿਬ : ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ 'ਚ ਨਵੇਂ ਮੈਂਬਰਾਂ ਦੀ ਭਰਤੀ ਲਈ ਮੁਹਿੰਮ ਸੋਮਵਾਰ ਸ਼ੁਰੂ ਕਰ ਦਿੱਤੀ। ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਿੰਡ ਬਾਦਲ ਵਿਚਲੇ ਪਾਰਟੀ ਦਫਤਰ ਵਿੱਚ ਫਾਰਮ ਭਰ ਕੇ ਨਵੇਂ ਸਿਰਿਓਂ ਪਾਰਟੀ ਦੀ ਮੈਂਬਰਸ਼ਿਪ ਲਈ। ਸੁਖਬੀਰ ਨੇ ਕਿਹਾ ਕਿ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਦੀਆਂ ਹਦਾਇਤਾਂ ਮੁਤਾਬਕ ਪਾਰਟੀ ਨੇ ਮੈਂਬਰਸ਼ਿਪ ਮੁਹਿੰਮ ਸ਼ੁਰੂ ਕੀਤੀ ਹੈ। ਉਨ੍ਹਾ ਕਿਹਾ—ਸਿਰਫ ਲੰਬੀ ਅਸੈਂਬਲੀ ਹਲਕੇ ਤੋਂ ਕਰੀਬ 40,000 ਲੋਕਾਂ ਦੇ ਸ਼੍ਰੋਮਣੀ ਅਕਾਲੀ ਦਾ ਮੈਂਬਰ ਬਣਨ ਦੀ ਉਮੀਦ ਹੈ। ਅਸੀਂ ਪਾਰਟੀ ਦੇ 50 ਲੱਖ ਮੈਂਬਰ ਬਣਾਉਣ ਦਾ ਟੀਚਾ ਮਿੱਥਿਆ ਹੈ। ਬਾਗੀ ਅਕਾਲੀ ਆਗੂ ਗੁਰਪ੍ਰਤਾਪ ਸਿੰਘ ਵਡਾਲਾ ਨੇ ਵੀਰਵਾਰ ਅਕਾਲ ਤਖਤ ਦੇ ਜਥੇਦਾਰ ਰਘਬੀਰ ਸਿੰਘ ਨਾਲ ਮੁਲਾਕਾਤ ਕਰਕੇ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਮੈਂਬਰਸ਼ਿਪ ਮੁਹਿੰਮ ਦੀ ਨਿਗਰਾਨੀ ਨੂੰ ਲੈ ਕੇ ਕੁਝ ਨੁਕਤਿਆਂ ਬਾਰੇ ਸਫਾਈ ਮੰਗੀ ਸੀ। ਬੈਠਕ ਉਪਰੰਤ ਵਡਾਲਾ ਨੇ ਦਾਅਵਾ ਕੀਤਾ ਸੀ ਕਿ ਪਿਛਲੇ ਸਾਲ 2 ਦਸੰਬਰ ਨੂੰ ਅਕਾਲ ਤਖਤ ਵੱਲੋਂ ਬਣਾਈ ਗਈ ਸੱਤ ਮੈਂਬਰੀ ਕਮੇਟੀ ਹੀ ਮੈਂਬਰਸ਼ਿਪ ਮੁਹਿੰਮ ਚਲਾ ਸਕਦੀ ਹੈ। ਉਨ੍ਹਾ ਦਾਅਵਾ ਕੀਤਾ ਸੀ ਕਿ ਜਥੇਦਾਰ ਨੇ ਉਨ੍ਹਾ ਨੂੰ ਇਸ ਮੁਹਿੰਮ ਬਾਰੇ ਫੈਸਲਾ ਲੈਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ ਜੀ ਪੀ ਸੀ) ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਮਿਲਣ ਲਈ ਕਿਹਾ ਸੀ। ਅਕਾਲ ਤਖਤ ਵੱਲੋਂ ਬਣਾਈ ਗਈ ਸੱਤ ਮੈਂਬਰੀ ਕਮੇਟੀ 'ਚ ਧਾਮੀ, ਸਾਬਕਾ ਐੱਸ ਜੀ ਪੀ ਸੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ, ਅਕਾਲੀ ਆਗੂ ਇਕਬਾਲ ਸਿੰਘ ਝੂੰਦਾ, ਬਾਗੀ ਆਗੂ ਗੁਰਪ੍ਰਤਾਪ ਸਿੰਘ ਵਡਾਲਾ, ਵਿਧਾਇਕ ਮਨਪ੍ਰੀਤ ਸਿੰਘ ਇਆਲੀ, ਸੰਤਾ ਸਿੰਘ ਉਮੈਦਪੁਰ ਅਤੇ ਸਤਵੰਤ ਕੌਰ ਸ਼ਾਮਲ ਸਨ। ਸ਼੍ਰੋਮਣੀ ਅਕਾਲੀ ਦਲ ਨੇ ਹਾਲਾਂਕਿ 10 ਜਨਵਰੀ ਨੂੰ ਇਸ ਮੁਹਿੰਮ ਦੀ ਨਿਗਰਾਨੀ ਲਈ ਆਪਣੀ ਕਮੇਟੀ ਬਣਾਈ ਸੀ। ਸਾਬਕਾ ਮੰਤਰੀ ਦਲਜੀਤ ਸਿੰਘ ਚੀਮਾ ਸਣੇ ਹੋਰ ਅਕਾਲੀ ਆਗੂ ਇਹ ਗੱਲ ਆਖ ਰਹੇ ਹਨ ਕਿ ਅਕਾਲ ਤਖਤ ਵੱਲੋਂ ਦਿੱਤੇ ਹੁਕਮ ਅਨੁਸਾਰ ਸੱਤ ਮੈਂਬਰੀ ਕਮੇਟੀ ਦੇ ਗਠਨ ਨਾਲ ਚੋਣ ਕਮਿਸ਼ਨ ਤੋਂ ਪਾਰਟੀ ਦੀ ਮਾਨਤਾ ਰੱਦ ਹੋ ਜਾਵੇਗੀ, ਇਸ ਲਈ ਉਹ ਇਸ ਹਦਾਇਤ ਦੀ ਪਾਲਣਾ ਕਰਨ 'ਚ ਅਸਮਰੱਥ ਸਨ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਚ ਐੱਸ ਜੀ ਪੀ ਸੀ) ਚੋਣਾਂ ਦੇ ਨਤੀਜਿਆਂ ਬਾਰੇ ਸੁਖਬੀਰ ਨੇ ਕਿਹਾ—ਚੋਣ ਨਤੀਜਿਆਂ ਨੇ ਲੋਕਾਂ ਨੂੰ ਸਪੱਸ਼ਟ ਸੁਨੇਹਾ ਦਿੱਤਾ ਹੈ ਕਿ ਸਿੱਖ ਧਰਮ ਵਿੱਚ ਦਾਖਲ ਹੋਣ ਵਾਲੀਆਂ ਵੱਡੀਆਂ ਤਾਕਤਾਂ ਨੂੰ ਬਾਹਰ ਕੱਢ ਦਿੱਤਾ ਜਾਵੇਗਾ। ਬਲਜੀਤ ਸਿੰਘ ਦਾਦੂਵਾਲ ਅਤੇ ਹੋਰ, ਜੋ ਚੋਣ ਹਾਰ ਗਏ ਹਨ, ਏਜੰਸੀਆਂ ਦੇ ਬੰਦੇ ਹਨ। ਉਨ੍ਹਾਂ ਨੇ ਪੰਜਾਬ ਅਤੇ ਹਰਿਆਣਾ 'ਚ ਵੀ ਮਾਹੌਲ ਖਰਾਬ ਕੀਤਾ। ਐੱਸ ਜੀ ਪੀ ਸੀ 'ਚ ਵੰਡੀਆਂ ਪਾਉਣ ਅਤੇ ਐੱਚ ਐੱਸ ਜੀ ਪੀ ਸੀ ਦੇ ਗਠਨ ਪਿੱਛੇ ਦਾਦੂਵਾਲ ਅਤੇ ਹੋਰ ਸਨ। ਨਤੀਜੇ ਇਨ੍ਹਾਂ ਸ਼ਕਤੀਆਂ ਲਈ ਸਪੱਸ਼ਟ ਸੁਨੇਹਾ ਹੈ ਕਿ ਉਹ ਧਾਰਮਿਕ ਮਾਮਲਿਆਂ 'ਚ ਦਖਲ ਨਾ ਦੇਣ। ਧਰਮ ਦੇ ਪੈਰੋਕਾਰਾਂ ਨੂੰ ਉਨ੍ਹਾਂ ਦੇ ਫੈਸਲੇ ਲੈਣ ਦੇਈਏ।

ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਚੰਡੀਗੜ੍ਹ 'ਚ ਪਾਰਟੀ ਦੇ ਮੁੱਖ ਦਫਤਰ ਵਿੱਚ ਭਰਤੀ ਮੁਹਿੰਮ ਸ਼ੁਰੂ ਕਰਵਾਈ ਤੇ ਸੀਨੀਅਰ ਆਗੂ ਮਹੇਸ਼ਇੰਦਰ ਸਿੰਘ ਗਰੇਵਾਲ ਤੇ ਸੁੱਚਾ ਸਿੰਘ ਲੰਗਾਹ ਨੂੰ ਮੈਂਬਰਸ਼ਿਪ ਪਰਚੀਆਂ ਸੌਂਪੀਆਂ। ਸੀਨੀਅਰ ਆਗੂ ਤੇ ਵਰਕਰ ਵੀ ਇਸ ਮੌਕੇ ਵੱਡੀ ਗਿਣਤੀ 'ਚ ਪਹੁੰਚੇ ਤੇ ਮੈਂਬਰਸ਼ਿਪ ਭਰਤੀ ਪਰਚੀਆਂ ਹਾਸਲ ਕੀਤੀਆਂ। ਸੂਬੇ ਭਰ ਵਿੱਚ ਇਹ ਭਰਤੀ ਮੁਹਿੰਮ ਪਰਚੀਆਂ ਭੇਜੀਆਂ ਜਾ ਰਹੀਆਂ। ਸੂਬੇ ਭਰ ਤੋਂ ਪਾਰਟੀ ਦੀ ਭਰਤੀ ਮੁਹਿੰਮ ਨੂੰ ਵੱਡਾ ਹੁੰਗਾਰਾ ਮਿਲ ਰਿਹਾ ਹੈ ਅਤੇ ਮੁਹਾਲੀ, ਪਟਿਆਲਾ, ਸੰਗਰੂਰ, ਫਰੀਦਕੋਟ ਤੇ ਹੋਰ ਥਾਵਾਂ 'ਤੇ ਪਾਰਟੀ ਆਗੂ ਮੈਂਬਰਸ਼ਿਪ ਪਰਚੀਆਂ ਲੈ ਰਹੇ ਹਨ। ਹਜ਼ਾਰਾਂ ਵਰਕਰਾਂ ਨੇ ਪਾਰਟੀ ਦੀ ਮੈਂਬਰਸ਼ਿਪ ਹਾਸਲ ਕਰਨ ਵਾਸਤੇ 10-10 ਰੁਪਏ ਦੀਆਂ ਪਰਚੀਆਂ ਕਟਵਾ ਕੇ ਮੈਂਬਰਸ਼ਿਪ ਹਾਸਲ ਕੀਤੀ ਹੈ। ਭੂੰਦੜ ਨੇ ਕਿਹਾ ਕਿ ਪਾਰਟੀ ਦੇ ਪਾਰਲੀਮਾਨੀ ਬੋਰਡ ਦੀ ਮੀਟਿੰਗ 'ਚ ਫੈਸਲਾ ਲਿਆ ਗਿਆ ਕਿ ਮੁੱਖ ਚੋਣ ਅਫਸਰ ਗੁਲਜ਼ਾਰ ਸਿੰਘ ਰਣੀਕੇ ਭਰਤੀ ਵਾਸਤੇ ਨਿਯੁਕਤ ਕੀਤੇ ਗਏ ਆਬਜ਼ਰਵਰਾਂ ਦੇ ਨਾਲ ਰਲ ਕੇ ਸਾਰੀ ਮੁਹਿੰਮ ਦੀ ਨਿਗਰਾਨੀ ਕਰਨਗੇ। ਹੋਰ ਵੇਰਵੇ ਸਾਂਝੇ ਕਰਦਿਆਂ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਇਹ ਫੈਸਲਾ ਕੀਤਾ ਗਿਆ ਹੈ ਕਿ ਇਹ ਭਰਤੀ 20 ਫਰਵਰੀ ਤੱਕ ਜਾਰੀ ਰਹੇਗੀ ਅਤੇ ਪਾਰਟੀ ਦੇ ਪ੍ਰਧਾਨ ਦੇ ਅਹੁਦੇ ਲਈ ਚੋਣ 1 ਮਾਰਚ ਨੂੰ ਹੋਵੇਗੀ।

ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਜਿਹੜੇ ਵੀ ਮੈਂਬਰ 100 ਮੈਂਬਰਾਂ ਦੀ ਭਰਤੀ ਕਰਨਗੇ, ਉਹ ਸਰਕਲ ਡੈਲੀਗੇਟ ਬਣਨ ਦੇ ਯੋਗ ਹੋਣਗੇ ਅਤੇ ਉਹ ਅੱਗੋਂ ਸਰਕਲ ਜਥੇਦਾਰਾਂ ਦੀ ਚੋਣ ਕਰਨਗੇ। ਜਿਹੜੇ 2500 ਡੈਲੀਗੇਟਾਂ ਦੀ ਭਰਤੀ ਕਰਨਗੇ, ਉਹ ਜ਼ਿਲ੍ਹਾ ਡੈਲੀਗੇਟ ਬਣਨਗੇ ਅਤੇ ਉਹ ਹੀ ਅੱਗੇ ਜ਼ਿਲ੍ਹਾ ਜਥੇਦਾਰਾਂ ਦੀ ਚੋਣ ਕਰਨਗੇ। ਹਰ ਹਲਕੇ ਤੋਂ ਚਾਰ ਡੈਲੀਗੇਟ ਜਨਰਲ ਹਾਊਸ ਲਈ ਨਾਮਜ਼ਦ ਕੀਤੇ ਜਾਣਗੇ ਅਤੇ ਉਹ ਪਾਰਟੀ ਪ੍ਰਧਾਨ ਦੀ ਚੋਣ ਕਰਨਗੇ।

ਸੁਖਬੀਰ ਪਿੰਡ ਬਾਦਲ ਪਾਰਟੀ ਦਫਤਰ 'ਚ ਮੈਂਬਰਸ਼ਿਪ ਫਾਰਮ ਭਰਨ ਮਗਰੋਂ ਰਸੀਦ ਪ੍ਰਾਪਤ ਕਰਦੇ ਹੋਏ।

ਕਾਮਰੇਡ ਨਾਗੋਕੇ ਕਮਿਊਨਿਸਟ ਲਹਿਰ ਦਾ ਵੱਡਾ ਜਰਨੈਲ ਸੀ : ਬੰਤ ਬਰਾੜ

• ਦੇਸ਼ ਦੀ ਜਮਹੂਰੀਅਤ ਖ਼ਤਰੇ 'ਚ : ਗੋਰੀਆ • ਕਾਮਰੇਡ ਨਾਗੋਕੇ ਵਿਚਾਰਾਂ ਦਾ ਖ਼ਜ਼ਾਨਾ ਦੇ ਗਏ : ਦੇਵੀ ਕੁਮਾਰੀ

ਸ਼ਾਹਕੋਟ (ਗਿਆਨ ਸੈਦਪੁਰੀ)

ਆਪਣੇ ਜੀਊਂਦੇ ਹੁੰਦਿਆਂ 'ਜ਼ਿੰਦਾ ਸ਼ਹੀਦ' ਦਾ ਰੁਤਬਾ ਪ੍ਰਾਪਤ ਕਰਨ ਵਾਲੇ ਕਾਮਰੇਡ ਸਵਰਨ ਸਿੰਘ ਨਾਗੋਕੇ ਨੂੰ ਉਨ੍ਹਾਂ ਦੇ ਪਿੰਡ ਨਾਗੋਕੇ (ਖਡੂਰ ਸਾਹਿਬ) ਵਿੱਚ ਸ਼ਰਧਾਂਜਲੀ ਭੇਟ ਕਰਦਿਆਂ ਖੱਬੀਆਂ ਧਿਰਾਂ ਦੇ ਆਗੂਆਂ ਨੇ ਜਿੱਥੇ ਉਨ੍ਹਾਂ ਦੇ ਸੰਘਰਸ਼ੀ ਜੀਵਨ ਤੋਂ ਪ੍ਰੇਰਨਾ ਲੈ ਕੇ ਖੱਬੇ ਪੱਖੀ ਸਿਆਸਤ ਨੂੰ ਵਧੇਰੇ ਮਜ਼ਬੂਤ ਕਰਨ ਦੀ ਲੋੜ ਮਹਿਸੂਸ ਕੀਤੀ, ਉੱਥੇ ਆਰ ਐੱਸ ਐੱਸ ਅਤੇ ਭਾਜਪਾ ਵੱਲੋਂ ਧਰਮ ਦੇ ਨਾਂਅ 'ਤੇ ਲੋਕਾਂ ਅੰਦਰ ਵੰਡੀਆਂ ਪਾ ਕੇ ਨਫ਼ਰਤੀ ਜ਼ਹਿਰ ਭਰਨ ਅਤੇ ਭਾਰਤੀ ਬਗੀਚੇ ਨੂੰ ਇੱਕ ਰੰਗੀ ਕਿਆਰੀ ਵਿੱਚ ਬਦਲਣ ਦੇ ਮਨਸੂਬਿਆਂ ਦਾ ਮੂੰਹ ਤੋੜ ਜਵਾਬ ਦੇਣ ਦਾ ਹੋਕਾ ਦਿੱਤਾ। ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਨੇ ਕਾਮਰੇਡ ਨਾਗੋਕੇ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਉਹ (ਨਾਗੋਕੇ) ਕਮਿਊਨਿਸਟ ਲਹਿਰ ਦਾ ਵੱਡਾ ਜਰਨੈਲ ਸੀ। ਉਹ ਸਿੱਖੀ ਅਤੇ ਕਮਿਊਨਿਸਟ ਫਲਸਫੇ ਦਾ ਅਨੁਸਾਰੀ ਸੀ। ਇਸੇ ਕਰਕੇ ਉਹ ਤਨ, ਮਨ ਅਤੇ ਧਨ ਨਾਲ ਸੇਵਾ ਕਰਦਿਆਂ ਭਾਈ ਲਾਲੋਆਂ ਦੇ ਸਮਾਜ ਦਾ ਰੁਤਬਾ ਬੁਲੰਦ ਕਰਨ ਲਈ ਪੂਰੀ ਹਯਾਤੀ ਯਤਨਸ਼ੀਲ ਰਿਹਾ। ਬਰਾੜ ਨੇ ਕਿਹਾ ਕਿ ਅੱਤ ਦੀ ਗ਼ਰੀਬੀ ਵਿੱਚ ਪੈਦਾ ਹੋਏ ਕਾਮਰੇਡ ਨਾਗੋਕੇ ਦ੍ਰਿੜ ਵਿਸ਼ਵਾਸ ਨਾਲ ਕਮਿਊਨਿਸਟ ਪਾਰਟੀ ਦੇ ਵੱਡੇ ਆਗੂ ਬਣੇ। ਸਵਰਨ ਸਿੰਘ ਨਾਗੋਕੇ ਦੇ ਪਰਵਾਰ ਨੂੰ 'ਲਾਲ ਪਰਵਾਰ' ਦੀ ਸੰਗਿਆ ਦਿੰਦਿਆਂ ਸਾਥੀ ਬਰਾੜ ਨੇ ਕਾਮਨਾ ਕੀਤੀ ਕਿ ਇਸ ਘਰ ਵਿੱਚ ਲਾਲ ਝੰਡਾ ਝੂਲਦਾ ਰਹੇ।

ਸੀ ਪੀ ਆਈ ਦੀ ਪਾਰਟੀ ਕਾਂਗਰਸ, ਜੋ ਚੰਡੀਗੜ੍ਹ ਵਿੱਚ ਹੋਣੀ ਹੈ, ਦਾ ਜ਼ਿਕਰ ਕਰਦਿਆਂ ਕਾਮਰੇਡ ਬਰਾੜ ਨੇ ਕਿਹਾ ਕਿ ਨਾਗੋਕੇ ਹੁਰਾਂ ਨੂੰ ਉਸ ਕੌਮੀ ਸਮਾਗਮ ਵਿੱਚ ਬੁਲਾ ਕੇ ਸਨਮਾਨਿਤ ਕਰਨ ਦੀ ਰੀਝ ਸੀ, ਜੋ ਉਨ੍ਹਾਂ ਦੇ ਤੁਰ ਜਾਣ ਨਾਲ ਪੂਰੀ ਹੋਣੋਂ ਰਹਿ ਗਈ ਹੈ। ਕਾਮਰੇਡ ਬਰਾੜ ਨੇ ਸਵਰਨ ਸਿੰਘ ਨਾਗੋਕੇ ਦੀ ਜੀਵਨ ਸਾਥਣ ਬੀਬੀ ਗੁਰਦੀਪ ਕੌਰ ਦੀ ਘਾਲਣਾ ਨੂੰ ਚੇਤੇ ਕਰਦਿਆਂ ਕਿਹਾ ਕਿ ਇਹੋ ਜਿਹੀਆਂ ਔਰਤਾਂ ਬਹੁਤ ਘੱਟ ਹਨ। ਉਨ੍ਹਾ ਕਿਹਾ ਕਿ ਅੱਜ ਦੇ ਸਮਿਆਂ ਵਿੱਚ ਕਾਮਰੇਡ ਨਾਗੋਕੇ ਦੇ ਤੁਰ ਜਾਣ ਦੀ ਘਾਟ ਵਧੇਰੇ ਸ਼ਿੱਦਤ ਵਾਲੀ ਹੋ ਗਈ ਹੈ, ਜਦੋਂ ਆਰ ਐੱਸ ਐੱਸ ਅਤੇ ਭਾਜਪਾ ਦਾ ਫਿਰਕੂ ਏਜੰਡਾ ਜੱਗ ਜ਼ਾਹਰ ਹੈ। ਉਹ ਇਸ ਏਜੰਡੇ ਨੂੰ ਲਾਗੂ ਕਰਨ ਲਈ ਪੂਰੀ ਤਰ੍ਹਾਂ ਤੱਤਪਰ ਹਨ। ਆਰ ਐੱਸ ਐੱਸ ਦਾ ਸਿਖਰਲਾ ਆਗੂ ਬਿਆਨ ਦੇ ਰਿਹੈ ਕਿ ਭਾਰਤ ਨੂੰ ਆਜ਼ਾਦੀ ਉਸ ਦਿਨ ਮਿਲੀ, ਜਿਸ ਦਿਨ ਅਯੋਧਿਆ ਵਿੱਚ ਰਾਮ ਮੰਦਰ ਬਣਿਆ। ਇਹ ਲੋਕ ਉਹੀ ਹਨ, ਜੋ ਆਜ਼ਾਦੀ ਦੀ ਲੜਾਈ ਵਿੱਚ ਵੀ ਜ਼ਹਿਰਾਂ ਉਗਲਦੇ ਸਨ। ਕਾਮਰੇਡ ਬਰਾੜ ਨੇ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਆਪਣੇ ਜਨਮ ਤੋਂ ਹੀ ਪੰਜਾਬ ਪ੍ਰਤੀ ਗ਼ੈਰ ਗੰਭੀਰ ਰਹੀ ਹੈ। ਪੰਜਾਬ ਦੇ ਹਾਲਾਤ ਦਿਨੋ-ਦਿਨੋ ਵਿਗੜ ਰਹੇ ਹਨ।

ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ ਨੇ ਕਾਮਰੇਡ ਸਵਰਨ ਸਿੰਘ ਨਾਗੋਕੇ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਪਿੰਡ ਨਾਗੋਕੇ ਪੰਜਾਬ ਦਾ ਮਹੱਤਵਪੂਰਨ ਪਿੰਡ ਹੈ। ਇਸ ਨੇ ਵੱਡੇ ਆਗੂ ਪੈਦਾ ਕੀਤੇ, ਜਿਨ੍ਹਾਂ ਵਿੱਚ ਕਾਮਰੇਡ ਸਵਰਨ ਸਿੰਘ ਨਾਗੋਕੇ ਵੀ ਸ਼ਾਮਲ ਹੈ। ਗੋਰੀਆ ਨੇ ਨਾਗੋਕੇ ਨਾਲ ਆਪਣੇ ਨਿੱਘ ਸੰਬੰਧਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਬਹੁਤ ਵਰ੍ਹੇ ਪੰਜਾਬ ਖੇਤ ਮਜ਼ਦੂਰ ਸਭਾ ਦੀ ਦੋਰਾਹਾ ਵਿਖੇ ਹੋਈ ਕਾਨਫ਼ਰੰਸ ਤੋਂ ਲੈ ਕੇ ਉਨ੍ਹਾਂ ਦੇ ਆਖਰੀ ਦਿਨਾਂ ਤੱਕ ਮੈਂ ਉਨ੍ਹਾ ਦੇ ਅੰਗ-ਸੰਗ ਰਿਹਾ ਹਾਂ। ਕਾਮਰੇਡ ਗੋਰੀਆ ਨੇ ਕਿਹਾ ਕਿ ਇਸ ਵੇਲੇ ਮੁਲਕ ਦੀ ਜਮਹੂਰੀਅਤ ਖ਼ਤਰੇ ਵਿੱਚ ਹੈ। ਮਨੂਸਿਮਰਤੀ ਲਾਗੂ ਕੀਤੀ ਜਾ ਰਹੀ ਹੈ। ਹਰ ਸੰਵਿਧਾਨਕ ਅਤੇ ਵਿਧਾਨਕ ਅਦਾਰਿਆਂ 'ਤੇ ਆਰ ਐੱਸ ਐੱਸ ਦਾ ਕਬਜ਼ਾ ਹੈ। ਕਾਮਰੇਡ ਸਵਰਨ ਸਿੰਘ ਨਾਗੋਕੇ ਦਾ ਸ਼ਰਧਾਂਜਲੀ ਸਮਾਗਮ ਸੁਨੇਹਾ ਦੇ ਰਿਹਾ ਹੈ ਕਿ ਫਿਰਕੂ ਤਾਕਤਾਂ ਦੇ ਲੋਕ ਵਿਰੋਧੀ ਮਨਸੂਬਿਆਂ ਨੂੰ ਇਕਜੁਟਤਾ ਨਾਲ ਰੋਕਿਆ ਜਾਵੇ। ਕਾਮਰੇਡ ਗੋਰੀਆ ਨੇ ਨਾਗੋਕੇ ਦੀ ਸੰਘਰਸ਼ ਭਰੀ ਜ਼ਿੰਦਗੀ 'ਤੇ ਵਿਸਥਾਰ ਨਾਲ ਚਾਨਣਾ ਪਾਇਆ।

ਪੰਜਾਬ ਖੇਤ ਮਜ਼ਦੂਰ ਸਭਾ ਦੀ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਉਂਦਿਆਂ ਕਾਮਰੇਡ ਨਾਗੋਕੇ ਦੀ ਜ਼ਿੰਦਗੀ ਦੇ ਬਹੁਤ ਸਾਰੇ ਪਹਿਲੂਆਂ ਦਾ ਜ਼ਿਕਰ ਕੀਤਾ। ਉਨ੍ਹਾ ਕਿਹਾ ਕਿ ਮੈਂ ਕਾਮਰੇਡ ਨਾਗੋਕੇ ਕੋਲੋਂ ਬੜਾ ਕੁਝ ਸਿੱਖਿਆ। ਉਨ੍ਹਾਂ ਦੀ ਪ੍ਰੇਰਨਾ ਦਾ ਹੀ ਸਿੱਟਾ ਹੈ ਕਿ ਮੈਂ ਕਿਰਤੀ ਲੋਕਾਂ ਲਈ ਕੁਝ ਚੰਗੇਰਾ ਕਰਨ ਲਈ ਯਤਨਸ਼ੀਲ ਹਾਂ। ਉਨ੍ਹਾ ਕਿਹਾ ਕਿ ਨਾਗੋਕੇ ਸਰੀਰਕ ਪੱਖੋਂ ਜੁਦਾ ਹੋ ਗਏ ਹਨ, ਪਰ ਉਨ੍ਹਾਂ ਦੇ ਮਹੱਤਵਪੂਰਨ ਵਿਚਾਰਾਂ ਦਾ ਖਜ਼ਾਨਾ ਹਮੇਸ਼ਾ ਸਾਡੀ ਅਗਵਾਈ ਕਰਦਾ ਰਹੇਗਾ। ਸੀ ਪੀ ਆਈ ਦੇ ਸੀਨੀਅਰ ਆਗੂ ਕਾਮਰੇਡ ਹਰਭਜਨ ਸਿੰਘ ਨੇ ਕਿਹਾ ਕਿ ਕਾਮਰੇਡ ਨਾਗੋਕੇ ਦੀ ਪਾਰਟੀ ਨੇ ਜਿੱਥੇ ਵੀ ਡਿਊਟੀ ਲਾਈ, ਉਨ੍ਹਾਂ ਨੇ ਤਨਦੇਹੀ ਨਾਲ ਨਿਭਾਈ। ਆਰ ਐੱਮ ਪੀ ਆਈ ਦੇ ਸੂਬਾ ਸਕੱਤਰ ਕਾਮਰੇਡ ਪ੍ਰਗਟ ਸਿੰਘ ਜਾਮਾਰਾਏ, ਕੁਲ ਹਿੰਦ ਕਿਸਾਨ ਸਭਾ ਦੇ ਆਗੂ ਬਲਕਾਰ ਸਿੰਘ ਵਲਟੋਹਾ, ਸੀ ਪੀ ਆਈ ਦੇ ਸੀਨੀਅਰ ਆਗੂ ਗੁਰਦਿਆਲ ਸਿੰਘ ਖਡੂਰ ਸਾਹਿਬ, ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਸਕੱਤਰ ਜਸਬੀਰ ਸਿੰਘ ਝਬਾਲ, ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਮੀਤ ਸਕੱਤਰ ਅਮਰੀਕ ਸਿੰਘ ਦਾਊਦ, ਕੁਲ ਹਿੰਦ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਸੁਖਦੇਵ ਸਿੰਘ ਗੋਹਲਵੜ ਨੇ ਵੀ ਭਾਵਪੂਰਤ ਸ਼ਬਦਾਂ ਵਿੱਚ ਸ਼ਰਧਾ ਦੇ ਫੁੱਲ ਭੇਟ ਕੀਤੇ। ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਆਗੂ ਨਗੇਂਦਰ ਨਾਥ ਓਝਾ, ਕੁਲ ਹਿੰਦ ਦਲਿਤ ਅਧਿਕਾਰ ਅੰਦੋਲਨ ਦੇ ਜਨਰਲ ਸਕੱਤਰ ਵੀ ਐੱਸ ਨਿਰਮਲ, ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ, ਪ੍ਰਸਿੱਧ ਪੱਤਰਕਾਰ ਜਤਿੰਦਰ ਪਨੂੰ, ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਵਿੱਤ ਸਕੱਤਰ ਦਰਿਓ ਸਿੰਘ, ਪੰਜਾਬ ਇਸਤਰੀ ਸਭਾ ਦੇ ਸੂਬਾ ਪ੍ਰਧਾਨ ਰਜਿੰਦਰ ਪਾਲ ਕੌਰ, ਸੀ ਪੀ ਆਈ ਦੇ ਸੂਬਾ ਸਕੱਤਰੇਤ ਦੇ ਮੈਂਬਰ ਅਮਰਜੀਤ ਸਿੰਘ ਆਸਲ, ਕੁਲ ਹਿੰਦ ਕਿਸਾਨ ਸਭਾ ਦੇ ਆਗੂ ਮਹਾਂਬੀਰ ਸਿੰਘ ਪੱਟੀ, ਡਾਕਟਰ ਸੁਰਿੰਦਰ ਸਿੰਘ ● ਬਾਕੀ ਸਫ਼ਾ 2 'ਤੇ

ਕ

21-JAN-PAGE-1.qxd 1/20/2025 9:17 PM Page 2

ਲੋੜਵੰਦ ਬੱਚਿਆਂ ਨੂੰ ਸਵੈਟਰ, ਬੂਟ, ਜੁਰਾਬਾਂ ਤੇ ਟੋਪੀਆਂ ਤਕਸੀਮ

ਨਾਭਾ (ਵਰਿੰਦਰ ਵਰਮਾ)-ਅਗਰਵਾਲ ਸਭਾ ਨਾਭਾ ਪ੍ਰਧਾਨ ਰਵਨੀਸ਼ ਗੋਇਲ ਦੀ ਅਗਵਾਈ ਵਿੱਚ ਜਿੰਦੀਆ ਫਾਊਂਡੇਸ਼ਨ ਟਰੱਸਟ ਦੇ ਸਹਿਯੋਗ ਨਾਲ ਆਰੀਆ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਗੇਟ ਵਿਖੇ ਲੋੜਵੰਦ ਬੱਚਿਆਂ ਨੂੰ ਗਰਮ ਸਵੈਟਰ, ਬੂਟ, ਜਰਾਬਾਂ ਅਤੇ ਟੋਪੀਆਂ ਵੰਡੇ ਗਏ।ਇਸ ਮੌਕੇ ਚੇਅਰਮੈਨ ਅਸ਼ੋਕ ਬਾਂਸਲ, ਪ੍ਰਧਾਨ ਰਵਨੀਸ਼ ਗੋਇਲ, ਜਰਨਲ ਸਕੱਤਰ ਐਡਵੋਕੇਟ ਭਾਰਤ ਭੂਸ਼ਣ ਨਿਤਿਨ ਜੈਨ, ਕੈਸ਼ੀਅਰ ਐਡਵੋਕੇਟ ਨਰੇਸ਼ ਸਿੰਗਲਾ, ਪ੍ਰੋਜੈਕਟ ਚੇਅਰਮੈਨ ਰਮੇਸ਼ ਜਿੰਦੀਆ ਨੇ ਸਾਂਝੇ ਤੌਰ 'ਤੇ ਕਿਹਾ ਕਿ ਪਿਛਲੇ ਦਿਨੀਂ ਅਗਰਵਾਲ ਸਭਾ ਵੱਲੋਂ ਲੋੜਵੰਦ ਪਰਿਵਾਰਾਂ ਨੂੰ ਰਜਾਈਆਂ ਅਤੇ ਜੈਕਟਾਂ ਵੰਡੀਆਂ ਗਈਆਂ ਸਨ।ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਉਪਰਾਲੇ ਸੰਸਥਾ ਵੱਲੋਂ ਹਮੇਸ਼ਾ ਹੀ ਕੀਤੇ ਜਾਂਦੇ ਹਨ।ਉਨ੍ਹਾਂ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਦੇ ਅਹੁਦੇਦਾਰਾਂ ਨੂੰ ਅਪੀਲ ਕੀਤੀ ਕਿ ਅਜਿਹੇ ਉਪਰਾਲੇ ਜ਼ਰੂਰ ਕਰਨੇ ਚਾਹੀਦੇ ਹਨ ਤਾਂ ਕਿ ਲੋੜਵੰਦ ਇਨਸਾਨ ਦੀ ਮਦਦ ਕੀਤੀ ਜਾ ਸਕੇ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਅਸ਼ਵਨੀ ਮਦਾਨ ਨੇ ਅਗਰਵਾਲ ਸਭਾ ਦੇ ਪ੍ਰਧਾਨ ਰਵਨੀਸ਼ ਗੋਇਲ ਅਤੇ ਸਮੂਹ ਮੈਂਬਰਾਂ ਦਾ ਲੋੜਵੰਦ ਬੱਚਿਆਂ ਨੂੰ ਸਮਾਨ ਵੰਡਣ ਤੇ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਅਗਰਵਾਲ ਸਮਾਜ ਵੱਲੋਂ ਹਮੇਸ਼ਾ ਹੀ ਸਮਾਜ ਭਲਾਈ ਦੇ ਕਾਰਜ ਕੀਤੇ ਜਾਂਦੇ ਹਨ। ਅਸੀਂ ਆਸ ਪ੍ਰਗਟਾਉਂਦੇ ਹਾਂ ਕਿ ਅੱਜ ਦੇ ਸਮਾਜ ਹਮੇਸ਼ਾ ਹੀ ਇਸ ਤਰ੍ਹਾਂ ਦੇ ਉਪਰਾਲੇ ਕਰਦਾ ਰਹੇ ਤਾਂ ਕਿ ਲੋੜਵੰਦ ਬੱਚਿਆਂ ਦੀ ਮਦਦ ਕੀਤੀ ਜਾ ਸਕੇ।ਇਸ ਮੌਕੇ ਜੀਵਨ ਪ੍ਰਕਾਸ਼ ਬਾਂਸਲ, ਜੇ ਪੀ ਗੁਪਤਾ, ਰਾਕੇਸ਼ ਸਿੰਗਲਾ, ਰਮਨ ਜਿੰਦਲ ਭੋਲ਼ਾ, ਅਸ਼ੋਕ ਜਿੰਦੀਆ, ਮਾਸਟਰ ਨਰੇਸ਼ ਗੁਪਤਾ, ਪੁਰਸ਼ੋਤਮ ਲਾਲ, ਵਿਜੇ ਕੁਮਾਰ, ਆਦੇਸ਼ ਗੁਪਤਾ, ਨਰੇਸ਼ ਗੁਪਤਾ ਹੈਪੀ ਆਦਿ ਹਾਜ਼ਰ ਸਨ।

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ 'ਚ ਲਾਇਆ ਸੋਲਰ ਪਲਾਂਟ

ਜਲਾਲਾਬਾਦ (ਜੰਗੀਰ ਕੌਰ/ਜੀਤ ਕੁਮਾਰ)-ਗੁਰਦੁਆਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਵਿਖੇ ਸੋਲਰ ਸਿਸਟਮ ਲਾਉਣ ਦੀ ਸ਼ੁਰੂਆਤ ਕੀਤੀ ਗਈ ਅਤੇ ਸੋਲਰ ਪਲਾਂਟ ਲੱਗਣ ਦੇ ਬਾਅਦ ਬਿਜਲੀ ਦੇ ਖਰਚਿਆਂ ਵਿੱਚ ਰਾਹਤ ਮਿਲੇਗੀ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਪੂਰਨ ਸਿੰਘ ਕਮਰਾ, ਸਰਪ੍ਰਸਤ ਸ਼ੇਰ ਸਿੰਘ ਕਮਰਾ, ਸੁਦਰਸ਼ਨ ਸਿੰਘ ਕੁੱਕੜ, ਅੰਮ੍ਰਿਤਪਾਲ ਸਿੰਘ ਨੀਲਾ ਮਦਾਨ, ਇੰਦਰਜੀਤ ਸਿੰਘ ਬਿੱਟੂ ਬੱਬਰ, ਮਿੱਠੂ ਕੁੱਕੜ, ਗੁਰਦੀਪ ਸਿੰਘ ਤਨੇਜਾ, ਭਾਈ ਗੁਰਨਾਮ ਸਿੰਘ, ਸੁਖਪ੍ਰੀਤ ਸਿੰਘ ਖੁਰਾਣਾ, ਸੁਰਜੀਤ ਸਿੰਘ ਦਰਗਨ, ਗੁਰਬਚਨ ਸਿੰਘ ਮਦਾਨ, ਸਾਹਿਬ ਸਿੰਘ ਖੁਰਾਣਾ, ਕਿੰਗ ਕੁੱਕੜ, ਗੁਰਦਿਆਲ ਸਿੰਘ ਕਾਠਪਾਲ, ਸੁਰਿੰਦਰ ਸਿੰਘ ਪੱਪੀ ਕਮਰਾ, ਵਿਜੇ ਸਿੰਘ ਚੋਪੜਾ, ਕਵਲਪ੍ਰੀਤ ਸਿੰਘ ਕਮੀਰੀਆ ਆਦਿ ਹਾਜ਼ਰ ਸਨ। ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਪੂਰਨ ਸਿੰਘ ਕਮਰਾ ਨੇ ਦੱਸਿਆ ਕਿ ਪਿਛਲੇ ਕਾਫੀ ਸਮੇਂ ਤੋਂ ਗੁਰਦੁਆਰਾ ਸਾਹਿਬ ਲਈ ਜ਼ਰੂਰਤ ਸੀ ਕਿ ਇਕ ਸੋਲਰ ਪਲਾਂਟ ਲਵਾਇਆ ਜਾਵੇ ਤਾਂ ਜੁ ਹਰ ਮਹੀਨੇ ਬਿਜਲੀ ਦਾ ਕਰੀਬ 50 ਹਜਾਰ ਰੁਪਏ ਬਚ ਸਕੇ। ਇਸਦੇ ਨਾਲ ਹੀ ਬਿਜਲੀ ਕੱਟ ਦੇ ਦੌਰਾਨ ਵੀ ਇਹ ਸੋਲਰ ਸਿਸਟਮ ਬਿਜਲੀ ਪੈਦਾ ਕਰੇਗਾ ਤੇ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਨਹੀਂ ਆਏਗੀ। ਗੁਰਦੁਆਰਾ ਸਾਹਿਬ ਵਿਖੇ ਇਕ ਸੋਲਰ ਪਲਾਂਟ ਲਾਉਣ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ, ਜੋ ਆਉਣ ਵਾਲੇ ਕੁਝ ਦਿਨਾਂ ਵਿੱਚ ਹੀ ਪੂਰਾ ਹੋ ਜਾਏਗਾ। ਇਹ ਸੋਲਰ ਪਲਾਂਟ ਲਾਉਣ 'ਤੇ ਕਰੀਬ 9 ਲੱਖ ਰੁਪਏ ਖਰਚਾ ਆਵੇਗਾ ਅਤੇ ਹਰ ਰੋਜ਼ ਕਰੀਬ 100 ਯੂਨਿਟ ਬਿਜਲੀ ਪੈਦਾ ਕਰੇਗਾ, ਜਿਸ ਨਾਲ ਗੁਰਦੁਆਰਾ ਸਾਹਿਬ ਦਾ ਆ ਰਿਹਾ ਬਿਜਲੀ ਦਾ ਬਿੱਲ ਬਚੇਗਾ।

ਅਵਾਰਾ ਕੁੱਤੇ ਵੱਲੋਂ ਜ਼ਖ਼ਮੀ ਡੇਢ ਸਾਲਾ ਬੱਚੇ ਦੀ ਸਰਜਰੀ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਪਿੰਡ ਸੈਸੋਂਵਾਲ ਖੁਰਦ ਵਖੇ ਵਾਪਰੀ ਇੱਕ ਘਟਨਾ ਵਿਚ ਅਵਾਰਾ ਕੁੱਤੇ ਨੇ ਘਰ ਦੇ ਬਾਹਰ ਖੇਡ ਰਹੇ ਡੇਢ ਸਾਲਾਂ ਮਾਸੂਮ ਬੱਚੇ 'ਤੇ ਹਮਲਾ ਕਰ ਉਸ ਨੂੰ ਨੋਚ ਕੇ ਖਾ ਲਿਆ ਸੀ, ਜਿਸ ਦੀ ਡਾਕਟਰਾਂ ਵਲੋਂ ਸਰਜਰੀ ਕਰਨੀ ਪਈ। ਪਿੰਡ ਵਾਸੀ ਅਮਰ ਸਿੰਘ ਦਾ ਡੇਢ ਸਾਲਾਂ ਪੁੱਤਰ ਰਾਜਵੀਰ ਸਿੰਘ ਨੂੰ ਅਵਾਰਾ ਕੁੱਤੇ ਵਲੋਂ ਜ਼ਖ਼ਮੀ ਕੀਤੇ ਜਾਣ ਤੋਂ ਬਾਅਦ ਸੀਐੱਮਸੀ ਲੁਧਿਆਣਾ ਵਿਖੇ ਦਾਖਲ ਕਰਾਉਣਾ ਪਿਆ, ਜਿੱਥੇ ਉਸਦੇ ਮੂੰਹ ਤੇ ਨੱਕ ਨੂੰ ਨੋਚ ਖਾਣ ਤੋਂ ਬਾਅਦ ਗਹਿਰੇ ਜ਼ਖ਼ਮ ਹੋ ਗਏ ਸਨ। ਡਾਕਟਰਾਂ ਵਲੋਂ ਉਸਦੀ ਸਰਜਰੀ ਕੀਤੀ ਗਈ, ਪਰ ਉਹ ਅਜੇ ਤੱਕ ਹਸਪਤਾਲ ਵਿਚ ਹੀ ਇਲਾਜ ਅਧੀਨ ਹੈ। ਛੋਟੇ ਬੱਚੇ ਨੂੰ ਕੁੱਤੇ ਵਲੋਂ ਨੋਚ ਜਾਣ ਤੋਂ ਬਾਅਦ ਸੈਸੋਂਵਾਲ ਖੁਰਦ ਵਿਖੇ ਦਹਿਸ਼ਤ ਦਾ ਮਾਹੌਲ ਪਾਇਆ ਜਾ ਰਿਹਾ ਹੈ ਅਤੇ ਲੋਕਾਂ ਨੇ ਮੰਗ ਕੀਤੀ ਕਿ ਇਨ੍ਹਾਂ ਅਵਾਰਾ ਕੁੱਤਿਆਂ ਤੋਂ ਬਚਾਉਣ ਲਈ ਪ੍ਰਸ਼ਾਸਨ ਕੋਈ ਢੁੱਕਵੇਂ ਕਦਮ ਉਠਾਵੇ।

26 ਜਨਵਰੀ ਦੇ ਮੱਦੇਨਜ਼ਰ ਜੇਲ੍ਹ ਦੀ ਅਚਨਚੇਤੀ ਚੈਕਿੰਗ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਤੁਸ਼ਾਰ ਗੁਪਤਾ ਐਸ.ਐਸ.ਪੀ ਦੀ ਨਿਗਰਾਨੀ ਹੇਠ 26 ਜਨਵਰੀ ਦੇ ਮੱਦੇਨਜ਼ਰ ਜ਼ਿਲ੍ਹੇ ਅੰਦਰ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ, ਜਿਸ ਤਹਿਤ ਪੁਲਸ ਦੀਆਂ ਅਲੱਗ ਅਲੱਗ ਟੀਮਾਂ ਵੱਲੋਂ ਸਰਚ ਅਭਿਆਨ ਚਲਾਇਆ ਜਾ ਰਿਹਾ ਹੈ ਤੇ ਗਸ਼ਤ ਵਾ ਚੈਕਿੰਗ ਕੀਤੀ ਜਾ ਰਹੀ ਹੈ।ਇਸੇ ਤਹਿਤ ਤੁਸ਼ਾਰ ਗੁਪਤਾ .ਐਸ.ਪੀ ਜੀ ਦੀ ਅਗਵਾਈ ਹੇਠ ਜ਼ਿਲ੍ਹਾ ਸੁਧਾਰ ਘਰ (ਜੇਲ੍ਹ) ਵਿਖੇ ਅਚਨਚੇਤ ਸਰਚ ਅਭਿਆਨ ਚਲਾਇਆ ਗਿਆ।ਇਸ ਸਰਚ ਅਭਿਆਨ ਵਿੱਚ ਮਨਮੀਤ ਸਿੰਘ ਢਿੱਲੋਂ ਐਸ.ਪੀ (ਡੀ),. ਅਮਨਦੀਪ ਸਿੰਘ ਡੀ.ਐਸ.ਪੀ (ਐਚ) ਸਤਨਾਮ ਸਿੰਘ ਡੀ.ਐਸ.ਪੀ (ਸ੍ਰੀ ਮੁਕਤਸਰ ਸਾਹਿਬ), ਮੁੱਖ ਅਫ਼ਸਰਾਨ ਥਾਣਾ ਤੋਂ ਇਲਾਵਾ 150 ਦੇ ਕਰੀਬ ਪੁਲਸ ਅਧਿਕਾਰੀਆਂ ਤੇ ਕੁਮਚਾਰੀਆਂ ਵੱਲੋਂ ਸ੍ਰੀ ਨਵਦੀਪ ਸਿੰਘ ਬੈਹਨੀਵਾਲ ਸੁਪਰੀਡੈਂਟ ਜੇਲ, ਸ੍ਰੀ ਪੁਨੀਤ ਗਰਗ ਡੀ.ਐਸ.ਪੀ ਜੇਲ, ਐਸ.ਆਈ ਵਰਿੰਦਰ ਕੁਮਾਰ, ਐਸ.ਆਈ ਗੁਰਦਿੱਤ ਸਿੰਘ, ਐੱਸ.ਆਈ ਤਰਸੇਮ ਸਿੰਘ ਅਤੇ ਜੇਲ ਪੁਲਿਸ ਸਟਾਫ਼ ਨਾਲ ਮਿਲ ਕੇ ਅਚਨਚੇਤ ਜੇਲ੍ਹ ਅੰਦਰ ਸਰਚ ਅਭਿਆਨ ਚਲਾਇਆ ਗਿਆ।ਇਹ ਅਪ੍ਰੇਸ਼ਨ ਕਰੀਬ 03 ਘੰਟੇ ਚਲਾਇਆ ਗਿਆ।ਜ਼ਿਲ੍ਹਾ ਪੁਲਿਸ ਮੁਖੀ ਨੇ ਦੱਸਿਆ ਕਿ ਅਸੀ ਗਣਤੰਤਰਤਾ ਦਿਵਸ ਦੇ ਮੱਦੇ ਨਜ਼ਰ ਸੁਰੱਖਿਆ ਨੂੰ ਮੁੱਖ ਰੱਖਦਿਆਂ ਜ਼ਿਲ੍ਹਾ ਸੁਧਾਰ ਘਰ (ਜੇਲ) ਵਿਖੇ ਪੁਲਿਸ ਦੀਆਂ ਬੈਰਕਾਂ ਮੁਤਾਬਕ ਵੱਖ-ਵੱਖ ਟੀਮਾਂ ਤਿਆਰ ਕੀਤੀਆਂ ਗਈਆਂ ਉਨ੍ਹਾਂ ਦੇ ਗਾਈਡ ਲਾਏ ਗਏ। ਉਸ ਉਪਰੰਤ ਫਿਰ ਜੇਲ੍ਹ ਅੰਦਰ ਚੈਕਿੰਗ ਦੌਰਾਨ ਸਾਰੀਆਂ ਬੈਰਕਾਂ, ਜੇਲ੍ਹ ਦੇ ਅੰਦਰ ਆਉਣ ਅਤੇ ਬਾਹਰ ਜਾਣ ਵਾਲੇ ਰੱਸਤਿਆਂ, ਕੈਦੀਆਂ ਤੇ ਹਵਾਲਾਤੀਆਂ ਦੀ ਚੰਗੀ ਤਰਾਂ ਸਰਚ ਕੀਤੀ ਗਈ।ਉਨ੍ਹਾਂ ਦੱਸਿਆ ਕਿ ਜੇਲ ਦੇ ਅੰਦਰ ਹਾਈ ਸਕਿਊਰਟੀ ਜ਼ੋਨ ਵਿੱਚ ਵੀ ਸਰਚ ਕੀਤਾ ਗਿਆ। ਇਸ ਦੇ ਨਾਲ-ਨਾਲ ਪੁਲਸ ਟੀਮ ਵੱਲੋਂ ਜੇਲ੍ਹ ਦੇ ਨਾਲ ਨਾਲ ਆਊਟਰ ਜਗ੍ਹਾ 'ਤੇ ਵੀ ਚੈਕਿੰਗ ਕੀਤੀ ਗਈ।ਇਸ ਦੇ ਨਾਲ ਹੀ ਜੇਲ੍ਹ ਦੇ ਅੰਦਰ ਅਤੇ ਬਾਹਰ ਦੀਆਂ ਕੰਧਾਂ ਦੇ ਨਾਲ ਲੱਗਦੀਆਂ ਥਾਵਾਂ 'ਤੇ ਸਰਚ ਕੀਤਾ ਗਿਆ।ਉਨ੍ਹਾਂ ਕਿਹਾ ਕਿ ਇਸ ਸਰਚ ਆਪਰੇਸ਼ਨ ਦਾ ਮੁੱਖ ਉਦੇਸ਼ ਨਸ਼ਿਆਂ ਤੇ ਜੇਲ ਅੰਦਰ ਗੈਂਗਸਟਰਾਂ ਦੇ ਨੈਟਵਰਕ ਨੂੰ ਤੋੜਨਾ ਹੈ ।

ਰਿਆਸਤ-ਏ-ਨਾਭਾ ਪ੍ਰੈੱਸ ਕਲੱਬ ਪ੍ਰਧਾਨ ਭੁਪਿੰਦਰ ਸਿੰਘ ਭੁਪਾ ਦੀ ਅਗਵਾਈ ਹੇਠ ਇਕੱਤਰਤਾ, ਨਸ਼ਿਆਂ ਦੇ ਮੁੱਦੇ ਸੰਬੰਧੀ ਸੈਮੀਨਾਰ 4 ਨੂੰ

ਨਾਭਾ (ਵਰਿੰਦਰ ਵਰਮਾ)-ਰਿਆਸਤ ਏ ਨਾਭਾ ਪ੍ਰੈਸ ਕਲੱਬ ਦੀ ਵਿਸ਼ੇਸ਼ ਇਕੱਤਰਤਾ ਕਲੱਬ ਦੇ ਪ੍ਰਧਾਨ ਭੁਪਿੰਦਰ ਸਿੰਘ ਭੂਪਾ ਤੇ ਜਨਰਲ ਸਕੱਤਰ ਸੰਜੀਵ ਸ਼ਰਮਾ ਗੋਲਡੀ ਦੀ ਅਗਵਾਈ ਹੇਠ ਪੀ ਡਬਲਿਊ ਡੀ. ਰੈਸਟ ਹਾਊਸ ਵਿਖੇ ਹੋਈ, ਜਿਸ ਵਿੱਚ ਹਲਕੇ ਦੇ ਇਲੈਕਟ੍ਰਾਨਿਕ ਤੇ ਪ੍ਰਿੰਟਿੰਗ ਪ੍ਰੈਸ ਨਾਲ ਜੁੜੇ ਭਾਈਚਾਰੇ ਨੇ ਇਕੱਤਰਤਾ ਵਿੱਚ ਭਾਗ ਲਿਆ। ਇਕੱਤਰਤਾ ਦੌਰਾਨ ਹਲਕੇ ਦੇ ਸਮੂਹ ਪੱਤਰਕਾਰਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਕਲੱਬ ਦੇ ਪ੍ਰਧਾਨ ਭੁਪਿੰਦਰ ਸਿੰਘ ਭੂਪਾ, ਜਨਰਲ ਸਕੱਤਰ ਸੰਜੀਵ ਕੁਮਾਰ ਨੇ ਕਿਹਾ ਕਿ ਮੌਜੂਦਾ ਸਮੇਂ ਲੋਕਤੰਤਰ ਦੇ ਚੌਥੇ ਥੰਮ ਪ੍ਰੈਸ ਦਾ ਸਮਾਜ ਪ੍ਰਤੀ ਸੰਵੇਦਨ ਰਹਿਣ ਦਾ ਫ਼ਰਜ਼ ਹੈ, ਜਿਸ ਸਦਕਾ ਮੀਟਿੰਗ ਦੌਰਾਨ ਪੰਜਾਬ ਦੇ ਗੰਭੀਰ ਮੁੱਦੇ ਨਸ਼ਿਆਂ 'ਤੇ ਗੰਭੀਰ ਚਰਚਾ ਹੋਈ ਅਤੇ ਪ੍ਰੈਸ ਕਲੱਬ ਵੱਲੋਂ ਇਹ ਫੈਸਲਾ ਕੀਤਾ ਗਿਆ ਕਿ ਇਸ ਮੁੱਦੇ ਉੱਪਰ ਪੁਲਸ ਤੇ ਪ੍ਰਸ਼ਾਸਨ ਦਾ ਆਮ ਜਨਤਾ ਨਾਲ ਤਾਲਮੇਲ ਬਿਠਾਉਣ ਲਈ ਇੱਕ ਵਿਸ਼ੇਸ਼ ਸੈਮੀਨਾਰ ਕਰਾਇਆ ਜਾਵੇਗਾ। ਨਸ਼ਿਆਂ ਦੇ ਇਸ ਗੰਭੀਰ ਮੁੱਦੇ 'ਤੇ ਨਾਭਾ ਪਟਿਆਲਾ ਰੋਡ ਸਥਿਤ ਡਾਇਟ ਵਿਖੇ 4 ਫਰਵਰੀ ਨੂੰ ਇਹ ਸੈਮੀਨਾਰ ਹੋਵੇਗਾ, ਜਿਸ ਵਿੱਚ ਪੁਲਸ ਪ੍ਰਸ਼ਾਸਨ, ਪ੍ਰਸ਼ਾਸਨਿਕ ਅਧਿਕਾਰੀ ਤੇ ਮੌਜੂਦਾ ਵਿਧਾਇਕ ਨੂੰ ਸੱਦਾ ਪੱਤਰ ਦੇ ਕੇ ਇਸ ਮੁੱਦੇ ਦੇ ਉੱਪਰ ਜਨਤਾ ਨੂੰ ਜਵਾਬਦੇਹ ਰਹਿਣ ਦੀ ਅਪੀਲ ਕੀਤੀ ਜਾਵੇਗੀ। ਆਮ ਵਿਅਕਤੀ ਵੀ ਇਸ ਸੈਮੀਨਾਰ ਵਿੱਚ ਪਹੁੰਚ ਕੇ ਪੁਲਸ ਤੇ ਰਾਜਨੀਤਕ ਵਿਅਕਤੀਆਂ ਨੂੰ ਸਿੱਧੇ ਸਵਾਲ ਪੁੱਛ ਸਕਦੇ ਹਨ।

ਅਵਾਰਾ ਕੁੱਤਿਆਂ ਨੇ ਬੁਝਾਇਆ ਇੱਕ ਹੋਰ ਘਰ ਦਾ ਚਿਰਾਗ

ਪਟਿਆਲਾ (ਰਾਜਿੰਦਰ ਸਿੰਘ ਬਿੰਦ)

ਪਟਿਆਲਾ ਜ਼ਿਲ੍ਹੇ ਵਿੱਚ ਆਵਾਰਾ ਕੁੱਤਿਆਂ ਦੀ ਦਹਿਸ਼ਤ ਦਾ ਦਿਲ ਦਹਿਲਾ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਪਿੰਡ ਢੀਂਗੀ ਵਿੱਚ ਦੇਰ ਸ਼ਾਮ 10 ਤੋਂ ਵੱਧ ਆਵਾਰਾ ਕੁੱਤਿਆਂ ਨੇ ਇੱਕ ਵਿਅਕਤੀ ਦੇ 9 ਸਾਲਾ ਪੁੱਤਰ ਸ਼ਿਵਮ 'ਤੇ ਜਾਨਲੇਵਾ ਹਮਲਾ ਕਰ ਦਿੱਤਾ। ਕੁੱਤਿਆਂ ਨੇ ਬੱਚੇ ਨੂੰ ਏਨੀ ਬੁਰੀ ਤਰ੍ਹਾਂ ਵੱਢਿਆ ਕਿ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਉਸ ਦੀ ਮੌਤ ਹੋ ਗਈ। ਸ਼ਿਵਮ ਦੇ ਪਰਵਾਰਕ ਮੈਂਬਰ ਖੇਤਾਂ ਵਿੱਚ ਮਜ਼ਦੂਰੀ ਕਰਦੇ ਹਨ। ਐਤਵਾਰ ਸ਼ਾਮ ਨੂੰ ਅਚਾਨਕ ਅਵਾਰਾ ਕੁੱਤਿਆਂ ਦੇ ਝੁੰਡ ਨੇ ਬੱਚੇ ਸ਼ਿਵਮ ਨੂੰ ਘੇਰ ਲਿਆ ਅਤੇ ਉਸ 'ਤੇ ਹਮਲਾ ਕਰ ਦਿੱਤਾ। ਜਦੋਂ ਤੱਕ ਆਸ-ਪਾਸ ਦੇ ਲੋਕ ਬੱਚੇ ਦੀ ਮਦਦ ਲਈ ਪਹੁੰਚੇ, ਉਦੋਂ ਤੱਕ ਕੁੱਤਿਆਂ ਨੇ ਉਸ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ ਸੀ। ਘਟਨਾ ਦੀ ਸੂਚਨਾ ਮਿਲਦੇ ਹੀ ਪਰਿਵਾਰ ਵਾਲੇ ਤੁਰੰਤ ਬੱਚੇ ਨੂੰ ਨਜ਼ਦੀਕੀ ਹਸਪਤਾਲ ਲੈ ਕੇ ਗਏ, ਪਰ ਉਦੋਂ ਤੱਕ ਕਾਫੀ ਦੇਰ ਹੋ ਚੁੱਕੀ ਸੀ। ਹਸਪਤਾਲ 'ਚ ਡਾਕਟਰਾਂ ਨੇ ਬੱਚੇ ਨੂੰ ਮ੍ਰਿਤਕ ਐਲਾਨ ਦਿੱਤਾ।

3 ਮਹੀਨੇ ਪਹਿਲਾਂ ਬਣੀਆਂ ਬੇਟ ਖੇਤਰ ਦੀਆਂ 2 ਸੜਕਾਂ ਟੁੱਟਣ ਲੱਗੀਆਂ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)

ਪਿੰਡ ਵਾਸੀਆਂ ਵੱਲੋਂ ਜਾਂਚ ਦੀ ਮੰਗ

ਬੇਟ ਖੇਤਰ ਦੇ ਪਿੰਡਾਂ ਨੂੰ ਜੋੜਦੀਆਂ ਕਰੀਬ 3 ਮਹੀਨੇ ਪਹਿਲਾਂ ਬਣੀਆਂ ਨਵਨਿਰਮਾਣ ਲਿੰਕ ਸੜਕਾਂ ਟੁੱਟਣੀਆਂ ਵੀ ਸ਼ੁਰੂ ਹੋ ਗਈਆਂ ਹਨ, ਜਿਸ 'ਤੇ ਲੋਕਾਂ ਵਲੋਂ ਇਸ ਦੀ ਜਾਂਚ ਕਰਨ ਦੀ ਮੰਗ ਉੱਠੀ ਹੈ। ਪਿੰਡ ਝੜੌਦੀ ਦੇ ਸਾਬਕਾ ਸਰਪੰਚ ਸਤਨਾਮ ਸਿੰਘ ਨੇ ਦੱਸਿਆ ਕਿ ਮਾਛੀਵਾੜਾ ਬੇਟ ਖੇਤਰ ਦੇ ਕਰੀਬ 10 ਪਿੰਡਾਂ ਨੂੰ ਜੋੜਨ ਵਾਲੀ ਲੱਖੋਵਾਲ ਤੋਂ ਲੈ ਕੇ ਈਸਾਪੁਰ ਤੱਕ ਇਹ ਸੜਕ, ਜੋ ਕਰੀਬ 3 ਮਹੀਨੇ ਪਹਿਲਾਂ ਨਵਨਿਰਮਾਣ ਹੋਇਆ ਸੀ, ਉਹ ਹੁਣ ਥਾਂ-ਥਾਂ ਤੋਂ ਟੁੱਟਣੀ ਸ਼ੁਰੂ ਹੋ ਗਈ ਹੈ।

ਉਨ੍ਹਾਂ ਕਿਹਾ ਕਿ ਬੇਟ ਇਲਾਕੇ ਦੇ ਲੋਕਾਂ ਦੀ ਬੜੇ ਲੰਮੇ ਸਮੇਂ ਤੋਂ ਮੰਗ ਸੀ ਕਿ ਇਸ ਖਸਤਾ ਹਾਲਤ ਸੜਕ ਦਾ ਨਿਰਮਾਣ ਕੀਤਾ ਜਾਵੇ, ਪਰ ਜਦੋਂ ਹੁਣ ਇਸ ਦਾ ਕੰਮ ਮੁਕੰਮਲ ਹੋਇਆ ਤਾਂ ਸੜਕ ਉਪਰੋਂ ਸਾਰੀ ਬਜਰੀ ਉਖੜਨੀ ਸ਼ੁਰੂ ਹੋ ਗਈ, ਜਿਸ ਥੱਲੇ ਪੱਥਰ ਦਿਖਾਈ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਸੜਕ 'ਤੇ ਨਿਯਮਾਂ ਅਨੁਸਾਰ ਜੋ ਪ੍ਰੀਮਿਕਸ ਦੀ ਮੋਟੀ ਤਹਿ ਪਾਈ ਜਾਣੀ ਸੀ, ਉਹ ਨਹੀਂ ਪਾਈ ਗਈ, ਜਿਸ ਕਾਰਨ ਇਹ ਟੁੱਟ ਗਈ। ਲੋਕ ਨਿਰਮਾਣ ਵਿਭਾਗ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਈਸਾਪੁਰ ਤੱਕ ਇਸ ਸੜਕ ਦੇ ਨਿਰਮਾਣ ਲਈ 70 ਲੱਖ ਰੁਪਏ ਖਰਚ ਹੋਏ ਹਨ, ਪਰ ਇਹ ਨਵੀਂ ਬਣੀ ਸੜਕ ਦਾ 70 ਦਿਨਾਂ ਵਿਚ ਹੀ ਟੁੱਟ ਜਾਣਾ ਠੇਕੇਦਾਰ 'ਤੇ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਖੜੇ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਨਵੀਂ ਬਣੀ ਸੜਕ ਘੱਟੋ ਘੱਟ 5 ਸਾਲ ਚੱਲਣੀ ਚਾਹੀਦੀ ਹੈ, ਪਰ ਜੋ ਇਸ ਨਵੀਂ ਬਣੀ ਸੜਕ ਦੇ ਹਾਲਾਤ ਹਨ ਤਾਂ ਇਹ 5 ਮਹੀਨੇ ਵੀ ਨਹੀਂ ਚੱਲੇਗੀ।

ਸਾਬਕਾ ਸਰਪੰਚ ਸਤਨਾਮ ਸਿੰਘ ਤੋ

21-Jan-PAGE-3.qxd 1/20/2025 10:42 PM Page 1

25 ਫਰਵਰੀ ਨੂੰ ਜਲੰਧਰ 'ਚ ਕੀਤੀ ਜਾਣ ਵਾਲੀ ਵਿਸ਼ਾਲ ਰੈਲੀ 'ਚ ਵਹੀਰਾਂ ਘੱਤ ਕੇ ਪੁੱਜੋ : ਜਾਮਾਰਾਏ, ਪੰਡੋਰੀ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)

ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਤਹਿਸੀਲ ਤਰਨ ਤਾਰਨ ਦੀ ਜਰਨਲ ਬਾਡੀ ਮੀਟਿੰਗ ਕੁਲਦੀਪ ਸਿੰਘ ਮਾਣੋਚਾਹਲ, ਗੁਰਭੇਜ ਸਿੰਘ ਭੱਟੀ ਬੁੱਧ ਸਿੰਘ ਪੱਖੋਕੇ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਸੂਬਾ ਸਕੱਤਰ ਪਰਗਟ ਸਿੰਘ ਜਾਮਾਰਾਏ ਨੇ ਕਿਹਾ ਕਿ ਰਾਸ਼ਟਰੀ ਸੋਇਮ ਸੇਵਕ ਸੰਘ, ਭਾਜਪਾ ਅਤੇ ਮੋਦੀ ਸਰਕਾਰ ਧਰਮ ਦੇ ਆਧਾਰ ਤੇ ਲੋਕਾਂ 'ਚ ਵੰਡੀਆਂ ਪਾ ਕੇ ਆਵਾਮ ਨੂੰ ਮਹਾਨ ਸਿੱਖ ਗੁਰੂਆਂ, ਭਗਤੀ ਲਹਿਰ ਦੇ ਰਹਿਬਰਾਂ, ਗਦਰੀ ਸੂਰਬੀਰਾਂ, ਸ਼ਹੀਦ-ਏ-ਆਜਮ ਭਗਤ ਸਿੰਘ ਤੇ ਉਨ੍ਹਾਂ ਦੇ ਯੁੱਧ ਸਾਥੀਆਂ ਅਤੇ ਲੱਖਾਂ ਦੇਸ਼ ਭਗਤਾਂ ਦੀਆਂ ਅਨਮੋਲ ਸਿੱਖਿਆਵਾਂ ਤੇ ਮਾਨਵੀ ਵਿਚਾਰਧਾਰਾ ਤੋਂ ਬੇਮੁੱਖ ਕਰਨ ਦੀਆਂ ਕੋਸ਼ੀਆਂ ਚਾਲਾਂ ਚੱਲ ਰਹੇ ਹਨ। ਇਨ੍ਹਾਂ ਫਿਰਕੂ-ਫਾਸ਼ੀ ਖੁਰੂਦੀਆਂ ਦਾ ਮੁੱਖ ਨਿਸ਼ਾਨਾ ਭਾਰਤ ਦੇ ਜਮਹੂਰੀ, ਧਰਮ ਨਿਰਪੱਖ, ਫੈਡਰਲ ਢਾਂਚੇ ਅਤੇ ਸੰਵਿਧਾਨ ਨੂੰ ਤਹਿਸ-ਨਹਿਸ ਕਰਕੇ ਦੇਸ਼ ਅੰਦਰ ਤਾਨਾਸ਼ਾਹੀ ਖਾਸੇ ਵਾਲਾ, ਧਰਮ ਅਧਾਰਤ, ਕੱਟੜ, ਹਿੰਦੂਤਵੀ-ਮਨੂੰਵਾਦੀ ਰਾਸ਼ਟਰ ਕਾਇਮ ਕਰਨਾ ਚਹੁੰਦੀ ਹੈ। ਇਹ ਖਤਰਨਾਕ ਨਿਸ਼ਾਨਾ ਪੂਰਾ ਕਰਨ ਲਈ ਫਿਰਕੂ ਤੇ ਜਾਤੀਵਾਦੀ ਵੰਡ ਤਿੱਖੀ ਕਰਨ ਵਾਸਤੇ ਸੰਘ ਪਰਿਵਾਰ ਦੇ ਹਿੰਸਕ ਟੋਲੇ ਦੇਸ਼ ਨੂੰ ਢਾਹ ਲਾ ਰਹੇ ਹਨ। ਇਨ੍ਹਾਂ ਆਗੂਆਂ ਨੇ ਕਿਹਾ ਕਿ ਆਰਐੱਸਐੱਸ ਦੀਆਂ ਇਨ੍ਹਾਂ ਸਾਜ਼ਿਸ਼ਾਂ ਖਿਲਾਫ਼ ਡੱਟਵਾਂ ਲੋਕ ਪ੍ਰਤੀਰੋਧ ਉਸਾਰਦੇ ਹੋਏ ਘੱਟ ਗਿਣਤੀ ਫਿਰਕਿਆਂ ਵਿਚਲੇ ਕੱਟੜ ਪੰਥੀ ਅਨਸਰਾਂ ਅਤੇ ਹਰ ਰੰਗ ਦੀਆਂ ਜਾਤੀਵਾਦੀ ਤਾਕਤਾਂ ਨੂੰ ਵੀ ਲੋਕਾਂ 'ਚੋਂ ਨਿਖੇੜੇ ਜਾਣ ਦੀ ਅੱਜ ਭਾਰੀ ਲੋੜ ਹੈ। ਹਿੰਦੂਤਵੀ ਗੋਹਾਂ ਦੀਆਂ ਫਿਰਕੂ-ਫਾਸ਼ੀ, ਫੁੱਟਪਾਊ ਸਾਜ਼ਿਸ਼ਾਂ ਖਿਲਾਫ਼; ਦੇਸ਼ ਦੇ ਸੰਵਿਧਾਨ ਅਤੇ ਜਮਹੂਰੀ, ਧਰਮ ਨਿਰਪੱਖ ਤੇ ਫੈਡਰਲ ਢਾਂਚੇ ਦੀ ਰਾਖੀ ਲਈ; ਜਲ-ਜੰਗਲ-ਜ਼ਮੀਨ ਤੇ ਜਨਤਕ ਖੇਤਰ ਦੇਸੀ-ਵਿਦੇਸ਼ੀ ਧਨਾਢਾਂ ਦੇ ਹਵਾਲੇ ਕਰਕੇ ਮਹਿੰਗਾਈ-ਬੇਰੁਜ਼ਗਾਰੀ, ਭ੍ਰਿਸ਼ਟਾਚਾਰ-ਅਪਰਾਧ ਆਦਿ 'ਚ ਅੰਤਾਂ ਦਾ ਵਾਧਾ ਕਰਨ ਵਾਲੀਆਂ ਮੋਦੀ ਸਰਕਾਰ ਦੀਆਂ ਨੀਤੀਆਂ ਰੱਦ ਕਰਵਾਉਣ ਲਈ ਅਤੇ ਇਸ ਸਰਕਾਰ ਵਲੋਂ ਫੈਡਰਲ ਢਾਂਚੇ ਤੇ ਕੀਤੇ ਜਾ ਰਹੇ ਘਾਤਕ ਹਮਲਿਆਂ ਖਿਲਾਫ਼ ਪਾਰਟੀ ਵੱਲੋਂ 25 ਫਰਵਰੀ ਨੂੰ ਜਲੰਧਰ ਵਿਖੇ ਕੀਤੇ ਜਾ ਰਹੇ ਸੂਬਾ ਪੱਧਰ ਦੇ ਵਿਸ਼ਾਲ ਲੋਕ ਇਕੱਠ ਵਿਚ ਵਹੀਰਾਂ ਘੱਤ ਕੇ ਪੁੱਜਣ ਦੀ ਅਪੀਲ ਵੀ ਕੀਤੀ। ਪਾਰਟੀ ਦੇ ਜ਼ਿਲ੍ਹਾ ਵਿੱਤ ਸਕੱਤਰ ਬਲਦੇਵ ਸਿੰਘ ਪੰਡੋਰੀ ਨੇ ਕਿਹਾ ਕਿ ਸਾਮਰਾਜੀਆਂ ਦੇ ਜਨਮਜਾਤ ਏਜੰਟ ਆਰਐੱਸਐੱਸ ਦੇ ਹੁਕਮਾਂ ਦੀ ਬੱਧੀ ਮੋਦੀ ਸਰਕਾਰ ਵਲੋਂ ਅੰਨ੍ਹੇਵਾਹ ਲਾਗੂ ਕੀਤੀਆਂ ਜਾ ਰਹੀਆਂ ਨਵ-ਉਦਾਰਵਾਦੀ ਨੀਤੀਆਂ ਕਾਰਨ ਦੇਸ਼ ਦੇ ਕਿਰਤੀ-ਕਿਸਾਨਾਂ ਤੇ ਮਿਹਨਤੀ ਤਬਕਿਆਂ ਸਮੇਤ ਵਸੋਂ ਦੇ ਵਿਸ਼ਾਲ ਹਿੱਸੇ ਦਿਨੋ-ਦਿਨ ਕੰਗਾਲ ਹੁੰਦੇ ਜਾ ਰਹੇ ਹਨ, ਜਦਕਿ ਅਡਾਨੀ-ਅੰਬਾਨੀ ਜਿਹੇ ਪੂੰਜੀਪਤੀਆਂ ਤੇ ਇਨ੍ਹਾਂ ਦੇ ਜੋਟੀਦਾਰ ਸਾਮਰਾਜੀਆਂ ਤੇ ਬਹੁ ਕੌਮੀ ਕਾਰਪੋਰੇਸ਼ਨਾਂ ਦੇ ਵਾਰੇ-ਨਿਆਰੇ ਹੋ ਰਹੇ ਹਨ। ਇਸ ਲਈ ਦੇਸ਼ ਦੀ ਜਮਹੂਰੀ ਲਹਿਰ ਨੂੰ, ਲੋਕਾਂ ਦੀ ਰੋਜ਼ੀ-ਰੋਟੀ, ਸੰਵਿਧਾਨਕ ਅਧਿਕਾਰਾਂ ਤੇ ਸ਼ਹਿਰੀ ਆਜ਼ਾਦੀਆਂ ਦੇ ਰਾਖੀ ਦੇ ਘੋਲਾਂ ਨੂੰ ਸਾਮਰਾਜੀ ਤੇ ਕਾਰਪੋਰੇਟ ਲੋਟੂਆਂ ਦੇ ਦਖਲ ਤੋਂ ਮੁਕਤ, ਖੁਦਮੁਖਤਾਰ ਆਰਥਕ-ਸਮਾਜਕ ਨੀਤੀ ਚੌਖਟੇ ਵਾਲੇ ਬਦਲਵੇਂ ਲੋਕ ਪੱਖੀ ਢਾਂਚੇ ਦੀ ਉਸਾਰੀ ਦੇ ਕ੍ਰਾਂਤੀਕਾਰੀ ਘੋਲ ਨਾਲ ਇਕ-ਮਿਕ ਕਰਨ ਲਈ ਪੂਰਾ ਜੋਰ ਲਾਉਣਾ ਚਾਹੀਦਾ ਹੈ ਅਤੇ ਕਿਰਤੀ ਵਰਗਾਂ ਨੂੰ ਰਾਜਨੀਤੀ ਤੋਂ ਨਿਰਲੇਪ ਰੱਖਣ ਦੇ ਸਾਜ਼ਿਸ਼ੀ ਬਿਰਤਾਂਤ ਨੂੰ ਭਾਂਜ ਦੇਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਸੰਘ-ਭਾਜਪਾ ਦੀਆਂ ਪੰਜਾਬ ਵਿਰੋਧੀ ਸਾਜ਼ਿਸ਼ਾਂ ਖਿਲਾਫ਼, ਪੰਜਾਬ ਨਾਲ ਦਹਾਕਿਆਂ ਤੋਂ ਜਾਰੀ ਧੱਕੇ-ਵਿਤਕਰੇ ਦੇ ਖਾਤਮੇ ਅਤੇ ਪੰਜਾਬ ਦੇ ਚਿਰਾਂ ਤੋਂ ਲਮਕਦੇ ਮਸਲਿਆਂ ਦੇ ਹੱਲ ਲਈ ਸਮੂਹ ਪੰਜਾਬੀਆਂ ਦਾ ਸਰਵ ਸਾਂਝਾ ਘੋਲ ਵਿੱਢਣ ਲਈ ਸਮੇਂ ਦੀ ਅਹਿਮ ਲੋੜ ਹੈ। ਪੰਡੋਰੀ ਨੇ ਭਗਵੰਤ ਮਾਨ ਦੀ ਸਰਕਾਰ ਬਾਰੇ ਬੋਲਦਿਆਂ ਕਿਹਾ ਕਿ ਨਸ਼ਾ ਤਸਕਰਾਂ ਅਤੇ ਮਾਫੀਆ ਗੋਹਾਂ ਦੀ ਸਰਕਾਰ ਪਿੱਠ ਥਾਪੜ ਰਹੀ ਹੈ। ਉਨ੍ਹਾਂ ਕਿਹਾ ਕਿ ਆਪ ਆਗੂਆਂ, ਖਾਸ ਕਰਕੇ ਅਰਵਿੰਦ ਕੇਜਰੀਵਾਲ ਦੇ ਆਰਐੱਸਐੱਸ ਦਾ ਨਰਮ ਹਿੰਦੂਤਵੀ ਪੈਂਤੜੇ ਤੋਂ ਮੁਕਾਬਲੇ ਕਰਦੇ ਫਿਰਕੂ ਬਿਆਨ ਅੰਤ 'ਚ ਸੰਘ ਪ੍ਰਵਾਰ ਦੇ ਏਜੰਡੇ ਦੇ ਹੱਕ ਹੀ ਭੁਗਤਦੇ ਹਨ। ਇਸ ਮੌਕੇ ਕਰਮ ਸਿੰਘ ਪੰਡੋਰੀ, ਨਰਿੰਦਰ ਸਿੰਘ ਰਟੋਲ, ਅਮਰਜੀਤ ਸਿੰਘ ਕੋਟਲੀ, ਹਰਜਿੰਦਰ ਸਿੰਘ ਪੰਡੋਰੀ ਸਿੱਧਵਾਂ, ਸਵਿੰਦਰ ਸਿੰਘ ਭੱਠਲ, ਰਾਜ ਕੌਰ ਸੋਰੋ, ਕੰਮਲਜੀਤ ਕੌਰ ਨੌਸ਼ਹਿਰਾ, ਬਲਵਿੰਦਰ ਸਿੰਘ ਬਾਠ, ਸੁਰਜੀਤ ਸਿੰਘ ਦੇਓ, ਗੁਰਭੇਜ ਸਿੰਘ ਪੱਖੋਕੇ, ਪ੍ਰਭ ਸਿੰਘ ਤਰਨ ਆਦਿ ਹਾਜ਼ਰ ਸਨ।

ਔਰਤਾਂ ਲਈ ਸਿਹਤ, ਸਫਾਈ ਅਤੇ ਜਾਗਰੂਕਤਾ ਕੈਂਪ ਅੱਜ

ਗੁਰਦਾਸਪੁਰ, (ਜਨਕ ਮਹਾਜਨ)-ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਮਿਤੀ 21 ਜਨਵਰੀ ਨੂੰ ਜਿਮਨੇਜ਼ੀਅਮ ਹਾਲ ਗੁਰਦਾਸਪੁਰ ਵਿਖੇ ਔਰਤਾਂ ਲਈ ਸਿਹਤ, ਸਫਾਈ ਅਤੇ ਜਾਗਰੂਕਤਾ ਕੈਂਪ ਅਯੋਜਿਤ ਕੀਤਾ ਜਾ ਰਿਹਾ ਹੈ।ਇਸ ਕੈਂਪ ਵਿਚ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵੱਲੋਂ ਔਰਤਾਂ ਲਈ ਵਿਸ਼ੇਸ਼ ਰਜਿਸਟ੍ਰੇਸ਼ਨ ਅਤੇ ਪਲੇਸਮੈਟ ਦਾ ਸਟਾਲ ਲਗਾਇਆ ਜਾਵੇਗਾ।ਇਸ ਸਬੰਧੀ ਜਾਣਕਾਰੀ ਦਿੰਦਆ ਜ਼ਿਲ੍ਹਾ ਰੋਜ਼ਗਾਰ ਜਨਰੇਸ਼ਨ, ਸਕਿੱਲ ਡਿਵੈਲਪਮੈਂਟ ਅਤੇ ਟ੍ਰੇਨਿੰਗ ਅਫ਼ਸਰ ਪਰਸ਼ੋਤਮ ਸਿੰਘ ਨੇ ਦੱਸਿਆ ਕਿ ਨੌਕਰੀ ਦੀਆਂ ਚਾਹਵਾਨ ਲੜਕੀਆਂ/ਔਰਤਾਂ ਇਸ ਕੈਂਪ ਵਿਚ ਪਹੁੰਚ ਕੇ ਆਪਣੇ ਆਪ ਨੂੰ ਰਜਿਸਟਰ ਕਰਵਾ ਸਕਦੀਆਂ ਹਨ ।ਉਨਾਂ ਅੱਗੇ ਦੱਸਿਆ ਕਿ ਇਸ ਕੈਂਪ ਵਿਚ ਚਾਰ ਕੰਪਨੀਆਂ ਨੂੰ ਵੀ ਬੁਲਾਇਆ ਗਿਆ ਹੈ, ਜੋ ਕਿ ਮੌਕੇ ਤੇ ਹੀ ਇੰਟਰਵਿਊ ਕਰਨਗੀਆਂ ਅਤੇ ਚੁਣੀਆਂ ਗਈਆਂ ਲੜਕੀਆਂ ਨੂੰ ਆਫਰ ਲੈਟਰ ਵੀ ਦਿਤੇ ਜਾਣਗੇ।ਇਹ ਕੰਪਨੀਆਂ ਮਸ਼ੀਨ ਉਪਰੇਟਰ, ਕਸਟਮਰ ਕੇਅਰ ਐਗਜ਼ੀਕਿਊਟਿਵ, ਸਕਿਓਰਟੀ ਗਾਰਡ, ਕੰਪਿਊਟਰ ਉਪਰੇਟਰ ਦੀ ਅਸਾਮੀਆਂ ਲਈ ਇੰਟਰਵਿਊ ਕਰਨਗੀਆਂ।ਉਨ੍ਹਾਂ ਕਿਹਾ ਕਿ ਇਹਨਾਂ ਅਸਾਮੀਆਂ ਲਈ ਯੋਗਤਾ ਦਸਵੀਂ, ਬਾਰ੍ਹਵੀਂ, ਗ੍ਰੈਜੂਏਸਨ ਅਤੇ ਉਮਰ ਦੀ ਹੱਦ 18 ਤੋਂ 37 ਸਾਲ ਰੱਖੀ ਗਈ ਹੈ।ਇਸ ਲਈ ਚਾਹਵਾਨ ਲੜਕੀਆਂ ਮਿਤੀ 21.01.2025 ਨੂੰ ਜਿਮਨੇਜ਼ੀਅਮ ਹਾਲ ਗੁਰਦਾਸਪੁਰ ਵਿਖੇ ਆਪਣੇ ਸਰਟੀਫਿਕੇਟਾਂ ਦੀਆਂ ਅਸਲ ਅਤੇ ਫੋਟੋ ਕਾਪੀ ਲੈ ਕੇ ਇੰਟਰਵਿਊ ਲਈ ਪਹੁੰਚਣ ਅਤੇ ਇਸ ਕੈਂਪ ਦਾ ਵੱਧ ਤੋਂ ਵੱਧ ਫਾਇਦਾ ਉਠਾਉਣ।

'ਬੇਟੀ ਬਚਾਓ, ਬੇਟੀ ਪੜ੍ਹਾਓ' ਮੁਹਿੰਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਿਵੇਕਲੀ ਪਹਿਲ

ਹੋਣਹਾਰ ਧੀਆਂ ਦੀਆਂ ਤਸਵੀਰਾਂ 'ਪਿੰਕ ਵਾਲ ਆਫ਼ ਫੇਮ' ਉੱਪਰ ਲਗਾਈਆਂ

ਗੁਰਦਾਸਪੁਰ, ਡੇਰਾ ਬਾਬਾ ਨਾਨਕ (ਜਨਕ ਮਹਾਜਨ/ਰਮੇਸ਼ ਸ਼ਰਮਾ)-ਬੇਟੀ ਬਚਾਓ, ਬੇਟੀ ਪੜ੍ਹਾਓ, ਮੁਹਿੰਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਨੇ ਇੱਕ ਨਵੀਂ ਪਹਿਲਕਦਮੀ ਕਰਦਿਆਂ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੀਆਂ ਜ਼ਿਲ੍ਹੇ ਦੀਆਂ ਧੀਆਂ ਦੀਆਂ ਤਸਵੀਰਾਂ ਪਿੰਕ 'ਵਾਲ ਆਫ਼ ਫੇਮ' ਉਪਰ ਲਗਾਈਆਂ ਹਨ।ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਵਿਖੇ ਸਥਾਪਤ ਕੀਤੀ ਗਈ ਇਸ 'ਪਿੰਕ ਵਾਲ ਆਫ਼ ਫੇਮ' ਦਾ ਉਦਘਾਟਨ ਅੱਜ ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਵੱਲੋਂ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਹਰਜਿੰਦਰ ਸਿੰਘ ਬੇਦੀ, ਐਸ.ਡੀ.ਐੱਮ. ਗੁਰਦਾਸਪੁਰ ਮਨਜੀਤ ਸਿੰਘ ਰਾਜਲਾ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਜਸਮੀਤ ਕੌਰ, ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਜਗਵਿੰਦਰ ਸਿੰਘ, ਪ੍ਰੋ. ਰਾਜ ਕੁਮਾਰ ਸ਼ਰਮਾ, ਸਰਵਨ ਸਿੰਘ, ਡਾਇਰੈਕਟਰ, ਸੇਂਟ ਵਾਰੀਅਰਜ਼ ਸਕੂਲ ਕਾਦੀਆਂ ਵੀ ਮੌਜੂਦ ਸਨ।ਪਿੰਕ ਵਾਲ ਆਫ਼ ਫੇਮ ਦਾ ਉਦਘਾਟਨ ਕਰਨ ਮੌਕੇ ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬੇਟੀ ਬਚਾਓ, ਬੇਟੀ ਪੜ੍ਹਾਓ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਤਹਿਤ ਜ਼ਿਲ੍ਹਾ ਵਾਸੀਆਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਕਿ ਉਹ ਲਿੰਗ ਭੇਦ ਨਾ ਕਰਦੇ ਹੋਏ ਆਪਣੀਆਂ ਧੀਆਂ ਨੂੰ ਅੱਗੇ ਵਧਣ ਦੇ ਵੱਧ ਤੋਂ ਵੱਧ ਮੌਕੇ ਦੇਣ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਥਾਪਿਤ ਕੀਤੀ ਪਿੰਕ ਵਾਲ ਆਫ਼ ਫੇਮ ਵਿੱਚ ਜ਼ਿਲ੍ਹੇ ਦੀਆਂ ਧੀਆਂ ਜਿਨ੍ਹਾਂ ਨੇ ਵੱਖ-ਵੱਖ ਖੇਤਰਾਂ ਵਿੱਚ ਉੱਚੇ ਮੁਕਾਮ ਹਾਸਲ ਕੀਤੇ ਹਨ ਉਨ੍ਹਾਂ ਦੀਆਂ ਤਸਵੀਰਾਂ ਲਗਾਈਆਂ ਗਈਆਂ ਹਨ।ਉਨ੍ਹਾਂ ਦੱਸਿਆ ਕਿ 'ਪਿੰਕ ਵਾਲ ਆਫ਼ ਫੇਮ' ਵਿੱਚ 18-19ਵੀਂ ਸਦੀ ਦੀ ਮਹਾਨ ਨਾਇਕਾ ਅਤੇ ਕਨ੍ਹਈਆ ਮਿਸਲ ਦੀ ਮਿਸਲਦਾਰ ਸਰਦਾਰਨੀ ਸਦਾ ਕੌਰ, ਭਾਰਤੀ ਹਵਾਈ ਫ਼ੌਜ ਦੀ ਫਲਾਇੰਗ ਅਫ਼ਸਰ ਜੀਵਨਜੋਤ ਕੌਰ, ਆਈ. ਪੀ. ਐੱਸ. ਅਧਿਕਾਰੀ ਡਾ. ਨਵਜੋਤ ਕੌਰ, ਬੀ. ਐੱਸ. ਐੱਫ਼ ਦੀ ਸਹਾਇਕ ਕਮਾਡੈਂਟ ਮੈਡੀਕਲ ਡਾ. ਮਨਪ੍ਰੀਤ ਕੌਰ, ਪੀ. ਸੀ. ਐੱਸ. ਜੁਡੀਸ਼ੀਅਲ ਜੱਜ ਮਨਮੋਹਨਪ੍ਰੀਤ ਕੌਰ, ਪੀ. ਸੀ. ਐੱਸ. ਜੁਡੀਸ਼ੀਅਲ ਜੱਜ ਦਿਵਿਯਾਨੀ ਲੂਥਰਾ, ਆਈ. ਏ. ਐੱਸ. ਅਧਿਕਾਰੀ ਅੰਮ੍ਰਿਤਪਾਲ ਕੌਰ, ਆਈ. ਏ. ਐੱਸ. ਅਧਿਕਾਰੀ ਰੁਕਮਣੀ ਰਿਆੜ, ਰੋਇੰਗ ਖਿਡਾਰਨ ਹਰਮਨਪ੍ਰੀਤ ਕੌਰ, ਇਨਫੋਰਸਮੈਂਟ ਅਫ਼ਸਰ ਰੁਪਿੰਦਰ ਕੌਰ, ਪੀ. ਸੀ. ਐੱਸ. ਅਧਿਕਾਰੀ ਹਰਨੂਰ ਕੌਰ ਢਿੱਲੋਂ, ਆਈ. ਐੱਫ਼. ਐੱਸ. ਅਧਿਕਾਰੀ ਹਰਪ੍ਰੀਤ ਕੌਰ, ਉੱਘੀ ਗਾਇਕਾ ਸੁਨੰਦਾ ਸ਼ਰਮਾ, ਉੱਘੀ ਸਟੇਜ ਸੰਚਾਲਕ ਅਤੇ ਅਦਾਕਾਰਾ ਸਤਿੰਦਰ ਸੱਤੀ ਦੀਆਂ ਤਸਵੀਰਾਂ ਲਗਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਪਿੰਕ ਵਾਲ ਆਫ਼ ਫੇਮ ਵਿੱਚ ਇੱਕ ਛੋਟੇ ਫਰੇਮ ਖ਼ਾਲੀ ਰੱਖਿਆ ਗਿਆ ਹੈ ਜੋ ਸਾਡੀਆਂ ਧੀਆਂ ਨੂੰ ਪ੍ਰੇਰਿਤ ਕਰੇਗਾ ਕਿ ਉਹ ਵੀ ਅੱਗੇ ਵਧਣ ਅਤੇ ਇਸ ਖ਼ਾਲੀ ਫਰੇਮ ਵਿੱਚ ਉਨ੍ਹਾਂ ਦੀ ਤਸਵੀਰ ਲੱਗ ਸਕੇ।ਉਨ੍ਹਾਂ ਨੇ ਇਸ ਉਪਰਾਲੇ ਲਈ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਹਰਜਿੰਦਰ ਸਿੰਘ ਬੇਦੀ ਅਤੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਜਸਮੀਤ ਕੌਰ ਦੀ ਵੀ ਸ਼ਲਾਘਾ ਕੀਤੀ।ਇਸ ਮੌਕੇ ਅਧਿਆਪਕ ਮੁਕੇਸ਼ ਵਰਮਾ, ਗਾਈਡੈਂਸ਼ ਕਾਊਂਸਰ ਪਰਮਿੰਦਰ ਸਿੰਘ ਵੀ ਮੌਜੂਦ ਸਨ।

ਸ਼ੰਭੂ ਤੋਂ ਦਿੱਲੀ ਵੱਲ ਨੂੰ ਪੈਦਲ ਚੌਥੇ ਜਥੇ ਦੀ ਰਵਾਨਗੀ ਦੇ ਸੰਬੰਧ 'ਚ ਇਕੱਤਰਤਾ

ਝਬਾਲ (ਹਰਜਿੰਦਰ ਸਿੰਘ ਸੋਨੀ)

ਕਿਸਾਨ ਮਜ਼ਦੂਰ ਸੰਘਰਸ ਕਮੇਟੀ ਪੰਜਾਬ ਜ਼ਿਲ੍ਹਾ ਤਰਨ ਤਾਰਨ ਦੇ ਜ਼ੋਨ ਬਾਬਾ ਦੀਪ ਸਿੰਘ ਜੀ ਦੀ ਕੋਰ ਕਮੇਟੀ ਦੀ ਮੀਟਿੰਗ ਹੋਈ, ਜਿਸ ਦੀ ਅਗਵਾਈ ਜ਼ੋਨ ਪ੍ਰਧਾਨ ਮਨਜਿੰਦਰ ਸਿੰਘ ਗੋਹਲਵੜ ਨੇ ਕੀਤੀ। ਇਸ ਮੌਕੇ ਬਹੁਤ ਹੀ ਅਹਿਮ ਮੁੱਦਿਆਂ

ਤੇ ਵਿਚਾਰਾਂ ਕੀਤੀਆਂ ਤੇ ਮੀਟਿੰਗ ਵਿੱਚ ਗੱਲਬਾਤ ਕਰਦਿਆਂ ਸੂਬਾ ਆਗੂ ਹਰਪ੍ਰੀਤ ਸਿੰਘ ਪੰਡੋਰੀ ਸਿੱਧਵਾਂ, ਜ਼ਿਲਾ ਆਗੂ ਹਰਪਾਲ ਸਿੰਘ ਪੰਡੋਰੀ ਸਿੱਧਵਾਂ ਨੇ ਕਿਹਾ ਸੰਭੂ ਬਾਰਡਰ ਤੇ ਚੱਲ ਰਹੇ 11 ਮਹੀਨਿਆਂ ਤੋਂ ਮੋਰਚੇ ਦੀਆਂ ਮੰਗਾਂ ਐੱਮਐੱਸਪੀ ਸਮੇਤ 12 ਮੰਗਾਂ ਮਨਵਾਉਣ ਲਈ ਬੈਠੇ ਹਾਂ, ਜੋ ਭਾਰਤ ਸਰਕਾਰ ਆਪਣਾ ਅੜੀਅਲ ਰਵੱਈਆ ਅਪਣਾ ਰਹੀ ਹੈ, ਉਸ ਨੂੰ ਵੇਖਦਿਆਂ ਸੰਘਰਸ਼ ਨੂੰ ਹੋਰ ਤੇਜ਼ ਕਰਦੇ ਹੋਏ 21 ਜਨਵਰੀ ਨੂੰ ਸ਼ੰਭੂ ਬਾਰਡਰ ਤੋਂ ਮਰਜੀਵੜਿਆਂ ਦਾ ਚੌਥਾ ਜੱਥਾ ਦਿੱਲੀ ਵੱਲ ਬਿਨਾਂ ਟਰੈਕਟਰ ਟਰਾਲੀ ਤੋਂ ਖਾਲੀ ਹੱਥਾਂ ਨਾਲ ਪੈਦਲ ਰਵਾਨਾ ਹੋਵੇਗਾ। ਜ਼ੋਨ ਬਾਬਾ ਦੀਪ ਸਿੰਘ ਜੀ ਦੀ ਕੋਰ ਕਮੇਟੀ ਵੱਲੋਂ ਪਿੰਡ ਇਕਾਈਆਂ ਨੂੰ ਵੱਡੀਆਂ ਤਿਆਰੀਆਂ ਕਰਨ ਵਾਸਤੇ ਕਿਹਾ ਗਿਆ ਤੇ ਲੰਮਾ ਸੰਘਰਸ਼ ਲੜਨ ਲਈ ਪਿੰਡਾਂ ਵਿੱਚੋਂ ਵੱਡੇ ਪੱਧਰ ਤੇ ਕਿਸਾਨਾਂ, ਮਜ਼ਦੂਰਾਂ ਦਾ ਸਾਥ ਮਜਬੂਤ ਕਰਨ ਨੂੰ ਕਿਹਾ ਗਿਆ,ਜੋ ਪਿੰਡ ਕਮਜ਼ੋਰ ਚੱਲ ਰਹੇ ਨੇ ਉਨਾਂ ਪਿੰਡਾਂ ਦੀਆਂ ਮੀਟਿੰਗਾਂ ਲਾ ਕੇ ਉਨ੍ਹਾਂ ਨੂੰ ਵੀ ਪੂਰਾ ਤਿਆਰ ਕੀਤਾ ਜਾਵੇ ਤਾਂ ਜੋ ਸੰਘਰਸ਼ ਨੂੰ ਹੋਰ ਮਜ਼ਬੂਤ ਕੀਤਾ ਜਾਵੇ, ਇਸ ਮੌਕੇ ਜ਼ੋਨ ਬਾਬਾ ਦੀਪ ਸਿੰਘ ਜੀ ਦੀ ਕੋਰ ਕਮੇਟੀ ਵੱਲੋਂ ਸਹਿਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਜ਼ਿਲਾ ਆਗੂ ਹਰਪਾਲ ਸਿੰਘ ਪੰਡੋਰੀ ਸਿੱਧਵਾਂ ਦੀ ਅਗਵਾਈ ਹੇਠ 20 ਜਨਵਰੀ ਨੂੰ ਵੱਡੇ ਇਕੱਠ ਦੇ ਰੂਪ ਵਿੱਚ ਜਥਾਂ ਪਿੰਡ ਗੋਹਲਵੜ ਤੋਂ ਰਵਾਨਾ ਹੋਵੇਗਾ। ਇਸ ਮੌਕੇ ਮੀਟਿੰਗ ਵਿੱਚ ਜ਼ੋਨ ਸਕੱਤਰ ਹਰਦੀਪ ਸਿੰਘ

21-jan-PAGE-4.qxd 1/20/2025 10:28 PM Page 1

ਨਵਾਂ ਜ਼ਮਾਨਾ
ਮੰਗਲਵਾਰ, 21 ਜਨਵਰੀ 2025

ਭਾਜਪਾ ਨੂੰ ਸਭ ਤੋਂ ਵੱਧ ਚੰਦਾ

ਇਲੈਕਟੋਰਲ ਬਾਂਡ ਨੂੰ ਭਲੇ ਹੀ ਬੰਦ ਕਰ ਦਿੱਤਾ ਗਿਆ ਹੈ, ਪਰ ਚੋਣ ਚੰਦੇ ਵਿੱਚ ਪੈਸੇ ਦੀ ਵਰਖਾ ਜਾਰੀ ਹੈ। ਪਹਿਲਾਂ ਚੋਣ ਬਾਂਡਾਂ ਵਿੱਚ ਕਰੋੜਾਂ ਰੁਪਏ ਆਉਂਦੇ ਸਨ ਤੇ ਹੁਣ ਇਲੈਕਟੋਰਲ ਟਰੱਸਟ 'ਚ। ਚੋਣ ਬਾਂਡ ਬੰਦ ਹੋਣ ਤੋਂ ਪਹਿਲਾਂ ਸਾਢੇ 10 ਮਹੀਨਿਆਂ 'ਚ ਇਲੈਕਟੋਰਲ ਟਰੱਸਟ ਰਾਹੀਂ ਜਿੰਨੇ ਚੰਦੇ ਮਿਲੇ ਸਨ, ਉਸ ਤੋਂ ਕਰੀਬ ਤਿੰਨ ਗੁਣਾ ਚੰਦਾ ਬਾਂਡ ਬੰਦ ਹੋਣ ਦੇ ਡੇਢ ਮਹੀਨੇ ਵਿੱਚ ਟਰੱਸਟ ਰਾਹੀਂ ਮਿਲਿਆ। ਇਲੈਕਟੋਰਲ ਟਰੱਸਟ ਰਾਹੀਂ ਸਿਆਸੀ ਪਾਰਟੀਆਂ ਨੂੰ ਚੰਦਾ ਦੇਣ ਵਾਲੇ ਪਰੂਡੈਂਟ ਇਲੈਕਟੋਰਲ ਟਰੱਸਟ ਨੂੰ 2023-24 ਵਿੱਚ ਕੁਲ 1075.7 ਕਰੋੜ ਰੁਪਏ ਚੰਦੇ ਦੇ ਰੂਪ 'ਚ ਮਿਲੇ। ਇਸ ਦਾ ਤਿੰਨ-ਚੁਥਾਈ ਹਿੱਸਾ 16 ਫਰਵਰੀ ਤੋਂ 31 ਮਾਰਚ 2024 ਤੱਕ ਆਇਆ, ਜਦਕਿ ਇੱਕ ਅਪ੍ਰੈਲ 2023 ਤੋਂ 15 ਫਰਵਰੀ 2024 ਤੱਕ 278.6 ਕਰੋੜ ਰੁਪਏ ਦਾ ਚੰਦਾ ਮਿਲਿਆ ਸੀ। ਨਵੀਂ ਰਿਪੋਰਟ ਮੁਤਾਬਕ ਕਰੀਬ 70 ਫੀਸਦੀ ਹਿੱਸਾ 15 ਬਿਜ਼ਨਸ ਗਰੁੱਪਾਂ ਦਾ ਰਿਹਾ। ਸਭ ਤੋਂ ਵੱਧ ਚੰਦਾ ਆਰਸੇਲਰ ਮਿੱਤਲ ਨਿਪੋਨ ਸਟੀਲ ਇੰਡੀਆ ਤੇ ਡੀ ਐੱਲ ਐੱਫ ਨੇ 100-100 ਕਰੋੜ ਰੁਪਏ ਦਿੱਤਾ।

ਸਿਆਸੀ ਪਾਰਟੀਆਂ ਨੂੰ ਮਿਲਣ ਵਾਲੇ ਚੰਦਿਆਂ ਵਿੱਚ ਪਾਰਦਰਸ਼ਤਾ ਲਿਆਉਣ ਲਈ ਯੂ ਪੀ ਏ ਸਰਕਾਰ ਨੇ 31 ਜਨਵਰੀ 2013 ਨੂੰ ਇਲੈਕਟੋਰਲ ਟਰੱਸਟ ਸਕੀਮ ਨੋਟੀਫਾਈ ਕੀਤੀ ਸੀ। ਕੋਈ ਵੀ ਰਜਿਸਟਰਡ ਕੰਪਨੀ ਇਲੈਕਟੋਰਲ ਟਰੱਸਟ ਬਣਾ ਸਕਦੀ ਹੈ ਤੇ ਇਸ ਵਿੱਚ ਵੱਖ-ਵੱਖ ਕੰਪਨੀਆਂ ਚੰਦੇ ਦਿੰਦੀਆਂ ਹਨ। ਚੰਦੇ ਦਾ 95 ਫੀਸਦੀ ਹਿੱਸਾ ਰਜਿਸਟਰਡ ਸਿਆਸੀ ਪਾਰਟੀਆਂ ਨੂੰ ਦੇਣਾ ਹੁੰਦਾ ਹੈ। ਸੁਪਰੀਮ ਕੋਰਟ ਨੇ ਪਿਛਲੇ ਸਾਲ 15 ਫਰਵਰੀ ਨੂੰ ਚੋਣ ਬਾਂਡ ਯੋਜਨਾ-2018 ਨੂੰ ਇਹ ਕਹਿੰਦਿਆਂ ਰੱਦ ਕਰ ਦਿੱਤਾ ਸੀ ਕਿ ਇਹ ਸੂਚਨਾ ਦੇ ਅਧਿਕਾਰ ਦੀ ਉਲੰਘਣਾ ਕਰਦੀ ਹੈ। ਚੋਣ ਬਾਂਡ ਯੋਜਨਾ ਵਿੱਚ ਚੰਦਾ ਦੇਣ ਵਾਲਿਆਂ ਨੂੰ ਗੁੰਮਨਾਮ ਰਹਿਣ ਦੀ ਛੋਟ ਸੀ। ਇਸ ਬਾਂਡ ਨਾਲ ਸਿਆਸੀ ਪਾਰਟੀਆਂ ਨੂੰ ਗੁੰਮਨਾਮ ਫੰਡਿੰਗ ਕੀਤੀ ਜਾ ਰਹੀ ਸੀ। ਕੰਪਨੀਜ਼ ਐਕਟ ਦੀ ਧਾਰਾ 182 ਤਹਿਤ ਇਹ ਵਿਵਸਥਾ ਕੀਤੀ ਗਈ ਸੀ ਕਿ ਕੋਈ ਕੰਪਨੀ ਆਪਣੇ ਸਾਲਾਨਾ ਮੁਨਾਫੇ ਦੇ 7.5 ਫੀਸਦੀ ਤੋਂ ਵੱਧ ਦਾ ਚੰਦਾ ਨਹੀਂ ਦੇ ਸਕਦੀ, ਪਰ ਚੋਣ ਬਾਂਡ ਨੂੰ ਇਸ ਤੋਂ ਬਾਹਰ ਰੱਖਿਆ ਗਿਆ ਸੀ। ਸੁਪਰੀਮ ਕੋਰਟ ਨੇ ਚੋਣ ਬਾਂਡ ਯੋਜਨਾ ਨੂੰ ਰੱਦ ਕਰਦਿਆਂ ਭਾਰਤੀ ਸਟੇਟ ਬੈਂਕ ਨੂੰ ਹਦਾਇਤ ਕੀਤੀ ਸੀ ਕਿ ਉਹ ਚੋਣ ਕਮਿਸ਼ਨ ਨੂੰ ਡਾਟਾ ਦੇਵੇ ਕਿ ਕਿਸ ਨੇ ਕਿੰਨੇ ਦੇ ਚੋਣ ਬਾਂਡ ਕਿਸ ਪਾਰਟੀ ਲਈ ਖਰੀਦੇ। ਸਿਆਸੀ ਪਾਰਟੀਆਂ ਨੇ 2018 ਤੋਂ ਲਾਗੂ ਯੋਜਨਾ ਰਾਹੀਂ 16518 ਕਰੋੜ ਰੁਪਏ ਹਾਸਲ ਕੀਤੇ ਸਨ। ਲਗਭਗ 94 ਫੀਸਦੀ ਬਾਂਡਾਂ ਦੀ ਫੇਸ ਵੈਲਿਊ ਇੱਕ ਕਰੋੜ ਰੁਪਏ ਸੀ।

ਪਿਛਲੇ ਵਿੱਤੀ ਸਾਲ ਦੀ ਪਰੂਡੈਂਟ ਇਲੈਕਟੋਰਲ ਟਰੱਸਟ ਦੀ ਚੰਦੇ ਦੀ ਰਿਪੋਰਟ ਚੋਣ ਕਮਿਸ਼ਨ ਨੇ ਆਪਣੀ ਵੈੱਬਸਾਈਟ 'ਤੇ ਪਾਈ ਹੈ, ਜਿਸ ਦੇ ਮੁਤਾਬਕ ਸਿਆਸੀ ਪਾਰਟੀਆਂ ਲਈ 2023-24 ਵਿੱਚ 1075.7 ਕਰੋੜ ਰੁਪਏ ਦੇ ਚੰਦੇ ਮਿਲੇ, ਜਦਕਿ 2022-23 ਵਿੱਚ 363 ਕਰੋੜ ਰੁਪਏ ਮਿਲੇ ਸਨ। ਚੰਦਾ ਦੇਣ ਵਾਲਿਆਂ ਦੀ ਗਿਣਤੀ ਵਧ ਕੇ 83 ਹੋ ਗਈ, ਜਦਕਿ ਉਸ ਤੋਂ ਪਹਿਲਾਂ 22 ਸੀ। ਹਾਲਾਂਕਿ ਆਮ ਚੋਣਾਂ ਤੋਂ ਪਹਿਲਾਂ ਸਿਆਸੀ ਚੰਦੇ ਵਿੱਚ ਵਾਧਾ ਕੋਈ ਅਸਾਧਾਰਨ ਗੱਲ ਨਹੀਂ, ਪਰ ਦਿਲਚਸਪ ਗੱਲ ਇਹ ਹੈ ਕਿ ਇੱਕ ਅਪ੍ਰੈਲ 2023 ਤੋਂ 15 ਫਰਵਰੀ 2024 ਤੱਕ 278.6 ਕਰੋੜ ਰੁਪਏ ਦਾ ਚੰਦਾ ਆਇਆ ਸੀ, ਜਦਕਿ 16 ਫਰਵਰੀ 2024 ਤੋਂ 31 ਮਾਰਚ 2024 ਤੱਕ ਇਹ ਵਧ ਕੇ 797.1 ਕਰੋੜ ਰੁਪਏ ਹੋ ਗਿਆ। ਇਲੈਕਟੋਰਲ ਟਰੱਸਟਾਂ ਨੂੰ ਚੰਦਾ ਦੇਣ ਵਾਲੇ ਦੇ ਨਾਂਅ ਦੇ ਨਾਲ ਮਿਲੇ ਹਰੇਕ ਚੰਦੇ ਦਾ ਐਲਾਨ ਕਰਨਾ ਹੁੰਦਾ ਹੈ। ਇਸ ਦੇ ਨਾਲ ਹੀ ਸਿਆਸੀ ਪਾਰਟੀਆਂ ਦਾ ਨਾਂਅ ਦੱਸਣਾ ਹੁੰਦਾ ਹੈ, ਹਾਲਾਂਕਿ ਇਹ ਨਹੀਂ ਦੱਸਿਆ ਜਾਂਦਾ ਕਿ ਕਿਸ ਕਾਰਪੋਰੇਟ ਨੇ ਕਿੰਨਾ ਚੰਦਾ ਦਿੱਤਾ। ਚੋਣ ਕਮਿਸ਼ਨ ਦੀ ਵੈੱਬਸਾਈਟ ਮੁਤਾਬਕ ਸਿਰਫ ਪੰਜ ਟਰੱਸਟਾਂ ਨੇ ਚੰਦੇ ਦਾ ਐਲਾਨ ਕੀਤਾ ਹੈ—ਪਰੂਡੈਂਟ (1075.7 ਕਰੋੜ), ਟਰਾਂਇਫ ਇਲੈਕਟੋਰਲ ਟਰੱਸਟ (132.5 ਕਰੋੜ), ਜੈ ਭਾਰਤ ਇਲੈਕਟੋਰਲ ਟਰੱਸਟ (9 ਕਰੋੜ), ਪਰਿਵਰਤਨ ਇਲੈਕਟੋਰਲ ਟਰੱਸਟ (ਇੱਕ ਕਰੋੜ) ਤੇ ਆਈਂਜ਼ੀਗਰਟਿੰਗ ਇਲੈਕਟੋਰਲ ਟਰੱਸਟ (17.2 ਲੱਖ ਰੁਪਏ)। ਰਿਪੋਰਟ ਮੁਤਾਬਕ ਪਰੂਡੈਂਟ ਟਰੱਸਟ ਨੂੰ ਮਿਲੇ 1075.7 ਕਰੋੜ ਰੁਪਏ ਦੇ ਚੰਦੇ ਨੂੰ ਛੇ ਪਾਰਟੀਆਂ ਵਿੱਚ ਵੰਡਿਆ ਗਿਆ। ਸਭ ਤੋਂ ਵੱਧ 723.8 ਕਰੋੜ ਰੁਪਏ ਭਾਜਪਾ, 156.4 ਕਰੋੜ ਕਾਂਗਰਸ, 85 ਕਰੋੜ ਬੀ ਆਰ ਐੱਸ, 72.5 ਕਰੋੜ ਵਾਈ ਐੱਸ ਆਰ ਕਾਂਗਰਸ ਪਾਰਟੀ, 33 ਕਰੋੜ ਤੇਲਗੂ ਦੇਸਮ ਪਾਰਟੀ ਤੇ ਪੰਜ ਕਰੋੜ ਰੁਪਏ ਜਨਸੈਨਾ ਪਾਰਟੀ ਨੂੰ ਮਿਲੇ। ਟਰਾਂਇਫ ਨੇ ਭਾਜਪਾ ਨੂੰ 127.5 ਕਰੋੜ ਤੇ ਡੀ ਐੱਮ ਕੇ ਨੂੰ ਪੰਜ ਕਰੋੜ ਦਿੱਤੇ। ਜੈਭਾਰਤ ਟਰੱਸਟ ਨੇ ਭਾਜਪਾ ਨੂੰ ਪੰਜ ਕਰੋੜ, ਡੀ ਐੱਮ ਕੇ ਨੂੰ ਤਿੰਨ ਕਰੋੜ ਤੇ ਅੰਨਾ ਡੀ ਐੱਮ ਕੇ ਨੂੰ ਇੱਕ ਕਰੋੜ ਰੁਪਏ ਚੰਦਾ ਦਿੱਤਾ। ਆਈਂਜ਼ੀਗਰਟਿੰਗ ਦਾ ਪੂਰਾ ਪੈਸਾ ਭਾਜਪਾ ਨੂੰ ਗਿਆ। ਦਿਲਚਸਪ ਗੱਲ ਹੈ ਕਿ ਪਰਿਵਰਤਨ ਟਰੱਸਟ ਨੇ ਆਪਣੇ ਦਾਨੀਆਂ ਦੀ ਪਛਾਣ ਨਹੀਂ ਦੱਸੀ। ਭਾਵੇਂ ਚੋਣ ਬਾਂਡ ਬੰਦ ਹੋ ਗਏ ਹਨ, ਪਰ ਭਾਜਪਾ ਨੂੰ ਅਜੇ ਵੀ ਸਭ ਤੋਂ ਵੱਧ ਚੰਦਾ ਮਿਲ ਰਿਹਾ ਹੈ।

ਐਲੋਨ ਮਸਕ ਦੀ ਸੱਜੇ-ਪੱਖੀ ਰਾਜਨੀਤੀ 'ਚ ਭਾਰਤ ਦਾ ਸਥਾਨ

ਮੂਲ : ਸ਼ਰਮਿਤਾ ਕਾਰ
ਅਨੁਵਾਦ : ਪੁਸ਼ਪਿੰਦਰ

(ਦੁਨੀਆ ਦੇ ਤਕਨੀਕ ਖੇਤਰ ਦੇ ਮਾਹਰ ਖਰਬਪਤੀ ਐਲੋਨ ਮਸਕ ਰਾਸ਼ਟਰਪਤੀ ਟਰੰਪ ਦਾ ਸਭ ਤੋਂ ਨਜ਼ਦੀਕੀ ਵਿਸ਼ਵਾਸਪਾਤਰ ਹੈ । ਉਹ ਕਿਸੇ ਵੀ ਦੇਸ਼ ਦੇ ਰਾਜਨੇਤਾ ਉਪਰ ਤਨਜ਼ ਕੱਸਣ ਤੋਂ ਗੁਰੇਜ਼ ਨਹੀਂ ਕਰਦਾ । ਹੋ ਸਕਦਾ ਹੈ ਉਸ ਦਾ ਮੁੱਖ ਮਕਸਦ ਵਪਾਰਕ ਸਵਾਰਥ ਹੀ ਹੋਵੇ।) ਜਰਮਨੀ ਵਿਚ ਅਚਾਨਕ ਸੰਸਦੀ ਚੋਣਾਂ ਦਾ ਐਲਾਨ ਹੋ ਗਿਆ ਹੈ । ਐਲੋਨ ਮਸਕ ਨੇ ਕੱਟੜ ਸੱਜੇ ਪੱਖੀ ਪਾਰਟੀ (ਏ ਐੱਫ ਡੀ) ਦੇ ਹੱਕ ਵਿਚ ਮੁਹਿੰਮ ਸ਼ੁਰੂ ਕਰ ਦਿੱਤੀ ਹੋਈ ਹੈ । ਪਿਛੇ ਜਿਹੇ ਉਸ ਨੇ ਇਸ ਪਾਰਟੀ ਦੇ ਪ੍ਰਧਾਨ ਮੰਤਰੀ ਜਾਂ ਚਾਂਸਲਰ ਦੀ ਗੱਦੀ ਦੇ ਉਮੀਦਵਾਰ ਏਲਾਈਸ ਵੀਡਲ ਨਾਲ ਲੰਮੀ ਇੰਟਰਵਿਊ ਵੀ ਨਸ਼ਰ ਕੀਤੀ ਹੈ । ਇਸ ਨਾਲ ਦੁਨੀਆਂ ਦੀ ਰਾਜਨੀਤੀ ਵਿਚ ਦੁਨੀਆ ਦੇ ਸਭ ਤੋਂ ਅਮੀਰ ਆਦਮੀ ਐਲੋਨ ਮਸਕ ਦੇ ਪ੍ਰਭਾਵ ਦੀ ਚਰਚਾ ਬਹੁਤ ਜ਼ੋਰ ਨਾਲ ਛਿੜ ਗਈ ਹੈ । ਜਰਮਨੀ ਦੇ ਸੰਸਦ ਦੀਆਂ ਚੋਣਾਂ ਵਿਚ ਕਰੀਬ ਮਹੀਨੇ ਦਾ ਸਮਾਂ ਬਾਕੀ ਹੈ । ਮਸਕ ਨੇ ਆਪਣੇ ਮੀਡੀਆ ਪਲੇਟਫਾਰਮ ਐੱਕਸ ਉਪਰ ਜਾ ਕੇ ਪੇਸ਼ੀਨਗੋਈ ਕਰ ਦਿੱਤੀ ਹੈ ਕਿ ਮੁਸ਼ਕਲਾਂ ਵਿਚ ਘਿਰੇ ਜਰਮਨ ਦੇਸ਼ ਨੂੰ ਕੇਵਲ ਇਹ ਏ ਐੱਫ ਡੀ ਪਾਰਟੀ ਹੀ ਬਚਾ ਸਕਦੀ ਹੈ। ਆਪਣੇ ਇਸ ਦਾਅਵੇ ਨੂੰ ਏਲੀਸ ਵੀਡਲ ਨਾਲ ਗੱਲਬਾਤ ਕਰਦਿਆਂ ਮੁੜ ਦੁਹਰਾਇਆ ਹੈ । ਅਸਮਾਨ ਤੋਂ ਨਸ਼ਰ ਕੀਤੀ ਇਸ ਮੁਲਾਕਾਤ ਦੌਰਾਨ ਦੋਹਾਂ ਨੇ ਨਾਜ਼ੀ ਪਾਰਟੀ, ਪਰਵਾਸ ਦੀ ਸਮੱਸਿਆ, ਬੋਲਣ-ਸੁਣਨ ਦੀ ਆਜ਼ਾਦੀ ਤੋਂ ਲੈ ਕੇ ਪ੍ਰਮਾਤਮਾ ਦੀ ਹੋਂਦ ਤੱਕ ਦੇ ਅਨੇਕਾਂ ਵਿਸ਼ਿਆਂ 'ਤੇ ਗੱਲਬਾਤ ਕੀਤੀ ਹੈ । ਐਲੋਨ ਮਸਕ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਸਭ ਤੋਂ ਨਜ਼ਦੀਕੀ ਮੰਨਿਆ ਜਾ ਰਿਹਾ ਹੈ । ਓਪਰੀ ਨਜ਼ਰੇ ਦੇਖੀਏ ਤਾਂ ਲਗਦਾ ਹੈ ਕਿ ਆਪਣਾ ਵਪਾਰ ਹੋਰ ਪ੍ਰਫੁੱਲਤ ਕਰਨ ਦੇ ਲਈ ਹੀ ਉਹ ਇਹ ਸਭ ਕੁਝ ਕਰ ਰਿਹਾ ਹੈ । ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿਚ ਹੋ ਰਹੀਆਂ ਸੰਸਦੀ ਚੋਣਾਂ ਵਿਚ ਦਿਲਚਸਪੀ ਲੈਣ ਦਾ ਮਕਸਦ ਉਸ ਦਾ ਆਪਣਾ ਵਪਾਰਕ ਸਵਾਰਥ ਹੀ ਹੋ ਸਕਦਾ ਹੈ । ਜਰਮਨੀ ਦੇ ਇੱਕ ਪ੍ਰਮੁੱਖ ਅਖਬਾਰ 'ਡੀ ਵੈੱਲਟ' ਵਿਚ ਉਸ ਦੇ ਛਪੇ ਲੇਖ ਵਿਚ ਐਫ ਡੀ ਪਾਰਟੀ ਦੀ ਦੇਸ਼ ਦੀ ਆਰਥਿਕਤਾ ਨੂੰ ਸਰਕਾਰੀ ਦਖਲ-ਅੰਦਾਜ਼ੀ ਤੋਂ ਹੋਰ ਜ਼ਿਆਦਾ ਮੁਕਤ ਕਰਨ ਦੀ ਯੋਜਨਾ ਦੀ ਖੂਬ ਸਿਫਤ ਕੀਤੀ ਹੈ । ਮਸਕ ਦੀ ਕੰਪਨੀ ਟੈਸਲਾ ਨੇ ਜਰਮਨੀ ਦੇ ਸ਼ਹਿਰ ਬਰੈਂਡਨਬਰਗ ਵਿਚ ਨਵਾਂ ਕਾਰ ਪਲਾਂਟ ਸ਼ੁਰੂ ਕੀਤਾ ਹੈ । ਜੇਕਰ ਏ ਐੱਫ ਡੀ ਸੱਤਾ ਵਿਚ ਆਉਂਦੀ ਹੈ ਤਾਂ ਇਹਦੀਆਂ ਆਰਥਕ ਨੀਤੀਆਂ ਕਾਰਨ ਉਸ ਨੂੰ ਬਹੁਤ ਲਾਭ ਹੋ ਸਕਦਾ ਹੈ ।

ਸ਼ੁਰੂਆਤ ਕਿਥੋਂ ਹੋਈ, ਇਹ ਕੋਈ ਪਹਿਲਾ ਮੌਕਾ ਨਹੀਂ ਕਿ ਮਸਕ ਕਿਸੇ ਦੇਸ਼ ਦੀ ਪਾਰਟੀ ਜਾਂ ਉਮੀਦਵਾਰ ਦੀ ਖੁੱਲਮ-ਖੁੱਲ੍ਹੀ ਮਦਦ ਕਰ ਰਿਹਾ ਹੈ । ਸਾਲ 2022 ਵਿਚ ਵਾਪਸ ਜਾਂਦੇ ਹਾਂ । ਉਸ ਨੇ ਮੀਡੀਆ ਪਲੇਟਫਾਰਮ ਟਵਿਟਰ ਨੂੰ ਖਰੀਦ ਲਿਆ ਤੇ ਇਸ ਦਾ ਨਾਂਅ ਬਦਲ ਕੇ ਐੱਕਸ ਰੱਖ ਦਿੱਤਾ ਸੀ। ਆਉਣ ਸਾਰ ਉਸ ਨੇ ਟਰੰਪ ਦਾ ਖਾਤਾ ਮੁੜ ਚਾਲੂ ਕਰ ਦਿੱਤਾ, ਜੋ ਪਹਿਲਾਂ ਟਵਿਟਰ ਦੇ ਪੁਰਾਣੇ ਮਾਲਕਾਂ ਨੇ ਬੰਦ ਕਰ ਦਿੱਤਾ ਹੋਇਆ ਸੀ, ਕਿਉਂਕਿ ਉਹ ਆਪਣੇ ਆਪ ਨੂੰ ਬੋਲਣ ਦੀ ਆਜ਼ਾਦੀ ਦੇ ਸਿਧਾਂਤ ਦਾ ਹਮਾਇਤੀ ਕਹਿੰਦਾ ਹੈ । ਉਦੋਂ ਤੋਂ ਹੀ ਉਹ ਪੂਰੀ ਸਰਗਰਮੀ ਨਾਲ ਟਰੰਪ ਦੀ ਹਮਾਇਤ ਕਰ ਰਿਹਾ ਹੈ। ਰਾਸ਼ਟਰਪਤੀ ਬਾਈਡਨ ਦੇ ਪ੍ਰਸ਼ਾਸ਼ਨ ਦੀ ਨੁਕਤਾਚੀਨੀ ਕਰਨ ਦਾ ਕੋਈ ਮੌਕਾ ਉਸ ਨੇ ਹੱਥੋਂ ਜਾਣ ਨਹੀਂ ਦਿੱਤਾ । ਅਮਰੀਕਾ ਵਿਚ ਨਵੰਬਰ ਵਿਚ ਹੋਈਆਂ ਚੋਣਾਂ ਦੌਰਾਨ ਉਸ ਨੇ 25 ਕਰੋੜ ਡਾਲਰ ਟਰੰਪ ਦੀ ਚੋਣ ਮੁਹਿੰਮ ਲਈ ਦਾਨ ਕੀਤੇ ਸਨ । ਆਪਣੇ ਮੀਡੀਆ ਪਲੇਟਫਾਰਮ ਐੱਕਸ ਨੂੰ ਉਸ ਨੇ ਚੋਣ ਪਰਚਾਰ ਲਈ ਖੂਬ ਵਰਤਿਆ । ਇਸੇ ਵਫਾਦਾਰੀ ਅਤੇ ਹਮਾਇਤ ਦੇ ਸਦਕਾ ਉਹ 20 ਜਨਵਰੀ ਨੂੰ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਵਾਲੇ ਟਰੰਪ ਦੀ ਸੱਜੀ ਬਾਂਹ ਬਣ ਗਿਆ ਹੈ । ਚੋਣ ਜਿੱਤਣ ਤੋਂ ਬਾਅਦ ਟਰੰਪ ਨੇ ਕਿਹਾ ਸੀ, 'ਇੱਕ ਨਵੇਂ ਸਿਤਾਰੇ ਨੇ ਜਨਮ ਲੈ ਲਿਆ ਹੈ - ਐਲੋਨ।' ਭਾਵੇਂ ਕਿ ਟਵਿਟਰ ਤੋਂ ਬਣੇ ਐੱਕਸ ਦਾ ਵਪਾਰ ਬਹੁਤ ਘਾਟੇ ਦਾ ਸੌਦਾ ਰਿਹਾ ਹੈ। ਇੱਕ ਸਰਵੇਖਣ ਅਨੁਸਾਰ ਇਸ ਦੀ ਬਜ਼ਾਰੀ ਕੀਮਤ ਵਿਚ 80 ਫੀਸਦੀ ਦੀ ਕਮੀ ਆਈ ਹੈ, ਪਰ ਟਰੰਪ ਦੇ ਚੋਣ ਜਿੱਤਣ ਤੋਂ ਬਾਅਦ ਐਲੋਨ ਦੀ ਆਪਣੀ ਜਾਇਦਾਦ ਦੁਗਣੀ ਹੋ ਗਈ ਹੈ । ਟਰੰਪ ਨੇ ਹੁਣ ਉਸ ਨੂੰ ਓਹੀਓ ਦੇ ਰਹਿਣ ਵਾਲੇ ਵੈਨਚਰ ਪੂੰਜੀਪਤੀ ਵਿਵੇਕ ਰਾਮਾਸਵਾਮੀ ਦੇ ਸੰਗ ਨਵੇਂ ਬਣਾਏ ਸਰਕਾਰੀ ਵਿਭਾਗ , ਸਰਕਾਰੀ ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਚਲਾਉਣ ਦੇ ਵਿਭਾਗ ਦਾ ਮੁਖੀ ਨਿਯੁਕਤ ਕਰ ਦਿੱਤਾ ਹੈ। ਹੁਣ ਅੱਖ ਬਰਤਾਨੀਆ 'ਤੇ ਐਲੋਨ ਮਸਕ ਦੀ ਨਜ਼ਰ ਟਿਕੀ ਹੋਈ ਹੈ। 'ਦਾ ਫਾਈਨੈਂਸ਼ੀਅਲ ਟਾਈਮਜ਼' ਦੀ ਇੱਕ ਰਿਪੋਰਟ ਅਨੁਸਾਰ ਉਹ ਸੰਸਦੀ ਚੋਣਾਂ ਤੋਂ ਪਹਿਲਾਂ ਸਟਾਰਮਰ ਸਰਕਾਰ ਨੂੰ ਅਸਥਿਰ ਕਰਨ ਲਈ ਜੁਗਾੜ ਲਗਾ ਰਿਹਾ ਹੈ । ਨਵੀਂ ਬਣੀ ਸਿਆਸੀ ਪਾਰਟੀ 'ਰੀਫਾਰਮ ਯੂ ਕੇ' ਨੂੰ ਮਜ਼ਬੂਤ ਕਰਨ ਵਿਚ ਸਹਾਇਤਾ ਕਰ ਰਿਹਾ ਹੈ । ਜੂਨ 2024 ਵਿਚ ਰੀਫਾਰਮ ਯੂ ਕੇ ਪਾਰਟੀ ਦੇ ਨੇਤਾ ਨੀਗਲ ਫਰਾਗੇ ਨੇ ਮਸਕ ਨੂੰ ਈ ਮੇਲ ਭੇਜ ਕੇ ਪੁੱਛਿਆ ਸੀ, 'ਤਹਾਨੂੰ ਕੱਟੜ ਸੱਜੇ ਪੱਖੀ ਕਿਉਂ ਕਿਹਾ ਜਾਂਦਾ ਹੈ ?' ਉਸ ਦਾ ਜਵਾਬ ਸੀ, 'ਕਿਉਂਕਿ ਅਸੀਂ ਪਰਵਾਰ, ਦੇਸ਼ ਅਤੇ ਮਜ਼ਬੂਤ ਸਰੱਹਦਾਂ ਵਿਚ ਵਿਸ਼ਵਾਸ ਰੱਖਦੇ ਹਾਂ , ਮੈਨੂੰ ਫੋਨ ਕਰਨਾ।' 5 ਦਸੰਬਰ ਵਿਚ ਫਰਾਗੇ ਅਤੇ ਉਸ ਦੀ ਪਾਰਟੀ ਦੇ ਖਜ਼ਾਨਚੀ ਨਿਕ ਕੈਂਡੀ ਨਾਲ ਉਸ ਦੀ ਮੁਲਾਕਾਤ ਟਰੰਪ ਦੇ ਮਹਿਲ ਮਾਰ-ਆ ਲਾਗੋ ਵਿਖੇ ਹੋਈ ਸੀ ਤੇ ਇਹ ਚਰਚਾ ਵੀ ਚੱਲ ਰਹੀ ਸੀ ਕਿ ਮਸਕ ਪਾਰਟੀ ਨੂੰ 10 ਕਰੋੜ ਅਮਰੀਕੀ ਡਾਲਰ ਦਾ ਚੰਦਾ ਦੇ ਰਿਹਾ ਹੈ, ਪਰ ਕੁਝ ਦੇਰ ਬਾਅਦ ਉਸ ਨੇ ਲਿਖ ਦਿੱਤਾ ਕਿ ਫਰਾਗੇ ਪੂਰਾ ਕਾਬਲ ਨੇਤਾ ਨਹੀਂ ਹੈ । ਸਪੇਸ ਐਕਸ ਵੀ ਮਸਕ ਦੀ ਕੰਪਨੀ ਹੈ । ਕੀ ਰਾਜਨੀਤਕ ਲੋਕਾਂ ਨਾਲ ਸੰਬੰਧ ਬਣਾਉਣ ਦਾ ਉਸ ਦਾ ਮਕਸਦ ਆਪਣੇ ਵਪਾਰ ਨੂੰ ਬੜ੍ਹਾਵਾ ਦੇਣਾ ਹੀ ਹੈ ? ਅਤੇ ਕੀ ਉਸ ਦਾ ਵਪਾਰੀ ਦਿਮਾਗ ਰਾਜਨੀਤੀ ਦੇ ਖੇਤਰ ਵਿਚ ਵੀ ਕਾਮਯਾਬ ਰਹੇਗਾ ? ਜਦ ਦੁਨੀਆ ਦਾ ਸਭ ਤੋਂ ਅਮੀਰ ਆਦਮੀ ਜਿਸ ਦੇ ਕੋਲ ਐੱਕਸ ਵਰਗਾ ਮੀਡੀਆ ਪਲੇਟਫਾਰਮ ਵੀ ਹੈ, ਇਸ ਤਰ੍ਹਾਂ ਵਿਸ਼ਵ ਦੀ ਰਾਜਨੀਤੀ ਵਿਚ ਦਖਲ ਦੇ ਰਿਹਾ ਹੈ ਤਾਂ ਵਿਸ਼ਵ ਦੇ ਸਿਆਸਤਦਾਨਾਂ ਲਈ ਚਿੰਤਾ ਦਾ ਵਿਸ਼ਾ ਤਾਂ ਹੈ ਹੀ । ਏ ਐੱਫ ਡੀ ਨੇ ਜਰਮਨੀ ਦੇ ਇੱਕ ਇਲਾਕੇ ਵਿਚ ਜਿੱਤ ਹਾਸਲ ਕਰ ਲਈ ਹੈ । ਕਿਹਾ ਜਾਂਦਾ ਹੈ ਕਿ ਹਿਟਲਰ ਤੋਂ ਬਾਅਦ ਇਹ ਜਿੱਤ ਪ੍ਰਾਪਤ ਕਰਨ ਵਾਲੀ ਪਹਿਲੀ ਸੱਜੇ ਪੱਖੀ ਪਾਰਟੀ ਹੈ । ਮਸਕ ਦਾ ਇੱਕ ਮਕਸਦ ਯੂਰਪੀਨ ਯੂਨੀਅਨ ਦੇ ਇੱਕ ਡਿਜੀਟਲ ਸਰਵਿਸਿਜ਼ ਐਕਟ ਨੂੰ ਖਤਮ ਕਰਵਾਉਣਾ ਵੀ ਹੈ, ਕਿਉਂ ਕਿ ਇਸ ਤਹਿਤ ਉਸ ਨੂੰ ਵੋਟਰਾਂ ਨੂੰ ਨਜਾਇਜ਼ ਪ੍ਰਭਾਵਤ ਕਰਨ ਦਾ ਦੋਸ਼ੀ ਪਾਇਆ ਜਾ ਸਕਦਾ ਹੈ ਅਤੇ ਮੋਟਾ ਜੁਰਮਾਨਾ ਵੀ ਹੋ ਸਕਦਾ ਹੈ । ਬਰਤਾਨੀਆ ਦੇ ਮਾਮਲੇ ਵਿਚ ਮਸਕ 'ਐਕਸ' ਉਪਰ ਨਵੇਂ ਸਾਲ ਦੀ ਆਮਦ ਤੋਂ ਸਰਕਾਰ ਦੇ ਖਿਲਾਫ ਕਰੂਰ ਪ੍ਰਚਾਰ ਕਰ ਰਿਹਾ ਹੈ । ਮਾਮਲਾ ਤਕਰੀਬਨ ਦਸ ਸਾਲ ਪੁਰਾਣੇ ਸੈਕਸ ਸਕੈਂਡਲ ਦਾ ਹੈ। ਬਰਤਾਨਵੀ-ਪਾਕਿਸਤਾਨੀ ਮੂਲ ਦੇ ਅਪਰਾਧੀਆਂ ਨੇ ਬੱਚੀਆਂ ਨੂੰ ਜਿਸਮਾਨੀ ਹਵਸ ਦਾ ਸ਼ਿਕਾਰ ਬਣਾਇਆ ਸੀ। ਇਸ ਮਾਮਲੇ ਨੂੰ ਲੈ ਕੇ ਮਸਕ ਬਰਤਾਨਵੀ ਸਟਾਰਮਰ ਦੀ ਸਰਕਾਰ ਖਿਲਾਫ 'ਐੱਕਸ' ਉਪਰ ਲਗਾਤਾਰ ਹੁਣ ਤੱਕ 200 ਬਿਆਨ ਦਾਗ ਚੁੱਕਾ ਹੈ । ਇਸ ਪ੍ਰਚਾਰ ਦੇ ਨਾਲ ਸਮਾਜ ਵਿਚ ਮੁਸਲਮਾਨ ਭਾਈਚਾਰੇ ਵਿਰੁੱਧ ਨਫਰਤ ਪੈਦਾ ਹੋ ਰਹ

21-JAN-PAGE-5.qxd 1/20/2025 9:26 PM Page 1

ਸੂਬੇ ਦੀ ਤਰੱਕੀ 'ਚ ਮਹੱਤਵਪੂਰਨ ਭੂਮਿਕਾ ਨਿਭਾਅ ਰਹੀਆਂ ਹਨ ਉੱਦਮੀ ਮਹਿਲਾਵਾਂ : ਭਗਵੰਤ ਮਾਨ

ਮੋਗਾ (ਇਕਬਾਲ ਸਿੰਘ ਖਹਿਰਾ)

ਸਮਾਜ ਦੀ ਸਮੁੱਚੀ ਤਰੱਕੀ ਤੇ ਵਿਕਾਸ ਵਿੱਚ ਮਹਿਲਾਵਾਂ ਦੀ ਮਹੱਤਵਪੂਰਨ ਭੂਮਿਕਾ ਨੂੰ ਉਜਾਗਰ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਮੁੱਚੇ ਸਮਾਜ ਨੂੰ ਸਸ਼ਕਤ ਬਣਾਉਣ ਲਈ ਮਹਿਲਾ ਸਸ਼ਕਤੀਕਰਨ ਬੇਹੱਦ ਜ਼ਰੂਰੀ ਹੈ।

ਆਈ.ਐਸ.ਐਫ. ਕਾਲਜ ਵਿਖੇ ਮਹਿਲਾ ਸਸ਼ਕਤੀਕਰਨ ਸੰਮੇਲਨ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਆਧੁਨਿਕ ਸਮਾਜ ਵਿੱਚ ਮਹਿਲਾ ਸਸ਼ਕਤੀਕਰਨ ਵਿੱਚ ਵਡਮੁੱਲਾ ਯੋਗਦਾਨ ਪਾਉਣ ਲਈ ਭਾਰਤੀ ਮਹਿਲਾਵਾਂ ਖਾਸ ਕਰਕੇ ਪੰਜਾਬੀ ਮਹਿਲਾਵਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਅਜੋਕੇ ਸਮਾਜ ਵਿੱਚ ਮਹਿਲਾਵਾਂ ਸਮਾਜਿਕ ਤੇ ਸੱਭਿਆਚਾਰਕ ਏਕਤਾ ਨੂੰ ਉਤਸ਼ਾਹਤ ਕਰਨ ਲਈ ਨਿਰਣਾਇਕ ਭੂਮਿਕਾ ਨਿਭਾਅ ਰਹੀਆਂ ਹਨ, ਜਿਸ ਨਾਲ ਸਮੁੱਚੇ ਵਿਸ਼ਵ ਵਿੱਚ ਜਾਗਰੂਕਤਾ ਫੈਲ ਰਹੀ ਹੈ।ਭਗਵੰਤ ਸਿੰਘ ਮਾਨ ਨੇ ਕਿਹਾ ਕਿ ਔਰਤਾਂ ਕੋਲ ਵਿਸ਼ਵ ਭਰ ਵਿੱਚ ਖੁਸ਼ਹਾਲੀ ਤੇ ਵਿਕਾਸ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰਨ ਦੀ ਅਥਾਹ ਸਮਰੱਥਾ ਹੈ।ਮੁੱਖ ਮੰਤਰੀ ਨੇ ਕਿਹਾ ਕਿ ਭਾਰਤੀ ਮਹਿਲਾਵਾਂ ਵੀ ਸਾਡੇ ਦੇਸ਼ ਦੀਆਂ ਕੌਮਾਂਤਰੀ ਸਰਹੱਦਾਂ ਦੀ ਰਾਖੀ ਕਰਨ ਦੀ ਜ਼ਿੰਮੇਵਾਰੀ ਨਿਭਾਅ ਰਹੀਆਂ ਹਨ।ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਸਾਡੇ ਸਾਰਿਆਂ ਨੂੰ ਇੱਕ ਸਹੀ ਮੌਕਾ ਪ੍ਰਦਾਨ ਕਰਦੇ ਹਨ ਕਿ ਅਸੀਂ ਮਹਿਲਾਵਾਂ ਦੇ ਰੁਤਬੇ ਨੂੰ ਉੱਚਾ ਚੁੱਕਣ ਅਤੇ ਸਮਾਜ ਵਿੱਚ ਉਨ੍ਹਾਂ ਦਾ ਸਹੀ ਸਥਾਨ ਯਕੀਨੀ ਬਣਾਉਣ ਲਈ ਠੋਸ ਯਤਨ ਕਰੀਏ।ਮਹਿਲਾਵਾਂ ਦੀ ਭਲਾਈ ਤੇ ਸਸ਼ਕਤੀਕਰਨ ਨਾਲ ਸਬੰਧਤ ਨੀਤੀਆਂ ਅਤੇ ਪ੍ਰੋਗਰਾਮਾਂ ਵਿੱਚ ਹੋਰ ਵਾਧਾ ਕਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸਮਾਜਿਕ ਅਤੇ ਗੈਰ-ਸਰਕਾਰੀ ਸੰਗਠਨਾਂ ਦੀ ਸਵੈ-ਇੱਛਤ ਭਾਗੀਦਾਰੀ ਰਾਹੀਂ ਹੀ ਸੰਭਵ ਹੋ ਸਕਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਕਰਕੇ ਇਹ ਸਮੇਂ ਦੀ ਲੋੜ ਹੈ ਕਿ ਉਨ੍ਹਾਂ ਨੂੰ ਆਪਣੀ ਯੋਗਤਾ ਦਿਖਾਉਣ ਲਈ ਵੱਧ ਤੋਂ ਵੱਧ ਮੌਕੇ ਪ੍ਰਦਾਨ ਕੀਤੇ ਜਾਣ।ਉਨ੍ਹਾਂ ਅੱਗੇ ਕਿਹਾ ਕਿ ਸੂਬਾ ਸਰਕਾਰ ਇਸ ਨੇਕ ਕਾਰਜ ਲਈ ਕੋਈ ਕਸਰ ਨਹੀਂ ਛੱਡ ਰਹੀ ਹੈ।ਭਗਵੰਤ ਸਿੰਘ ਮਾਨ ਨੇ ਸੂਬੇ ਦੇ ਆਰਥਿਕ ਵਿਕਾਸ ਵਿੱਚ ਮਹਿਲਾ ਉੱਦਮੀਆਂ ਦੇ ਵਡਮੁੱਲੇ ਯੋਗਦਾਨ ਲਈ ਉਨ੍ਹਾਂ ਦੀ ਪ੍ਰਸ਼ੰਸਾ ਵੀ ਕੀਤੀ।ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਖ਼ਤ ਮਿਹਨਤ, ਸਮਰਪਣ ਅਤੇ ਵਚਨਬੱਧਤਾ ਨਾਲ ਸੂਬੇ ਦੀਆਂ ਮਹਿਲਾਵਾਂ ਸੂਬੇ ਦੇ ਸਮਾਜਿਕ ਆਰਥਿਕ ਵਿਕਾਸ ਦਾ ਅਨਿੱਖੜਵਾਂ ਅੰਗ ਬਣ ਰਹੀਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਮੌਜੂਦਾ ਸਮੇਂ ਦੌਰਾਨ 25 ਪ੍ਰਾਈਵੇਟ ਸਕੂਲਾਂ ਤੇ ਪੰਜਾਬ ਪੁਲਿਸ ਦੀਆਂ ਵਰਦੀਆਂ ਇਨ੍ਹਾਂ ਔਰਤਾਂ ਦੁਆਰਾ ਤਿਆਰ ਕੀਤੀਆਂ ਜਾ ਰਹੀਆਂ ਹਨ।ਉਨ੍ਹਾਂ ਨੇ ਔਰਤਾਂ ਦੇ ਐਫ.ਪੀ.ਸੀ. ਸਟਾਲਾਂ ਦਾ ਵੀ ਦੌਰਾ ਕੀਤਾ, ਜਿਨ੍ਹਾਂ ਵਿੱਚ ਕੋਲਡ ਪ੍ਰੈਸੈਸਡ ਸਰ੍ਹੋਂ ਦਾ ਤੇਲ, ਬਾਸਮਤੀ ਚੌਲ, ਸ਼ਹਿਦ, ਦੇਸੀ ਘਿਓ, ਆਟਾ ਬਿਸਕੁਟ, ਅਚਾਰ, ਡਰੋਨ ਤਕਨਾਲੋਜੀ ਅਤੇ ਹੱਥ ਨਾਲ ਬਣੇ ਟੈਰਾਕੋਟਾ ਕਲਾ ਕਿਰਤਾਂ ਸ਼ਾਮਲ ਸਨ।ਭਗਵੰਤ ਸਿੰਘ ਮਾਨ ਨੇ ਆਸ ਪ੍ਰਗਟਾਈ ਕਿ ਇਹ ਐਫ.ਪੀ.ਸੀ. ਆਉਣ ਵਾਲੇ ਸਮੇਂ ਵਿੱਚ ਔਰਤਾਂ ਨੂੰ ਸਮਰੱਥ ਬਣਾਉਣ ਲਈ ਇੱਕ ਉਤਪ੍ਰੇਰਕ ਵਜੋਂ ਕੰਮ ਕਰਨਗੇ।ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੀ ਪੁਰਾਣੀ ਸ਼ਾਨ ਨੂੰ ਬਹਾਲ ਕਰਨਾ ਤੇ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਉਣਾ ਸਮੇਂ ਦੀ ਮੁੱਖ ਲੋੜ ਹੈ।

ਇਸ ਤੋਂ ਪਹਿਲਾਂ, ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਮਹਿਲਾ ਸਸ਼ਕਤੀਕਰਨ ਦੇ ਮੱਦੇਨਜ਼ਰ ਕਈ ਮਹੱਤਵਪੂਰਨ ਪ੍ਰੋਜੈਕਟਾਂ ਨੂੰ ਸ਼ੁਰੂ ਕਰਨ ਲਈ ਮੁੱਖ ਮੰਤਰੀ ਦੀ ਸ਼ਲਾਘਾ ਕੀਤੀ।

ਮਾਮਲਾ ਅਮਿਤ ਸ਼ਾਹ ਵੱਲੋਂ ਡਾ. ਅੰਬੇਦਕਰ ਖਿਲਾਫ ਭੱਦੀ ਸ਼ਬਦਾਵਲੀ ਵਰਤਣ ਦਾ

ਸਾਬਕਾ ਮੰਤਰੀ ਦਰਸ਼ਨ ਸਿੰਘ ਬਰਾੜ ਵੱਲੋਂ ਸਮਰਥਕਾਂ ਸਮੇਤ ਰੋਸ ਮਾਰਚ

ਬਾਘਾ ਪੁਰਾਣਾ (ਮਨੀ ਸਿੰਗਲਾ)

ਕੇਂਦਰੀ ਮੰਤਰੀ ਅਮਿਤ ਸ਼ਾਹ ਵੱਲੋਂ ਸੰਵਿਧਾਨ ਰਚੇਤਾ ਡਾ.ਬੀ.ਆਰ ਅੰਬੇਦਕਰ ਖਿਲਾਫ ਭੱਦੀ ਸ਼ਬਦਾਵਲੀ ਵਰਤਣ ਦੇ ਰੋਸ ਵਜੋਂ ਜਿੱਥੇ ਵੱਖ-ਵੱਖ ਰਾਜਨੀਤਕ ਪਾਰਟੀਆਂ ਵਿੱਚ ਰੋਸ ਪਾਇਆ ਜਾ ਰਿਹਾ ਹੈ, ਉਥੇ ਹੀ ਦਲਿਤ ਭਾਈਚਾਰੇ ਵਿੱਚ ਵੀ ਕੇਂਦਰੀ ਮੰਤਰੀ ਅਮਿਤ ਸ਼ਾਹ ਦੇ ਖ਼ਿਲਾਫ਼ ਉਨ੍ਹਾਂ ਦੇ ਮਨਾਂ ਵਿਚ ਰੋਸ ਪੂਰੇ ਸਿਖਰ 'ਤੇ ਹੈ। ਸਾਬਕਾ ਮੰਤਰੀ ਅਤੇ ਹਲਕਾ ਬਾਘਾ ਪੁਰਾਣਾ ਦੇ ਸਾਬਕਾ ਵਿਧਾਇਕ ਦਰਸ਼ਨ ਸਿੰਘ ਬਰਾੜ ਵੱਲੋਂ ਆਪਣੇ ਸਾਥੀਆਂ ਸਮੇਤ ਰੋਸ ਵਜੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਖ਼ਿਲਾਫ਼ ਸ਼ਹਿਰ ਵਿੱਚ ਰੋਸ ਮਾਰਚ ਕੀਤਾ ਗਿਆ ਅਤੇ ਅਮਿਤ ਸ਼ਾਹ ਨੂੰ ਕੇਂਦਰੀ ਮੰਤਰੀ ਦੇ ਅਹੁਦੇ ਤੋਂ ਬਰਖਾਸਤ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਇਸ ਅਮਿਤ ਸ਼ਾਹ ਨੂੰ ਕੇਂਦਰੀ ਗ੍ਰਹਿ ਮੰਤਰੀ ਦੇ ਅਹੁਦੇ 'ਤੇ ਰਹਿਣ ਦਾ ਕੋਈ ਹੱਕ ਨਹੀਂ ਹੈ।

ਉਨ੍ਹਾਂ ਕਿਹਾ ਕਿ ਅਮਿਤ ਸ਼ਾਹ ਦੇ ਬਿਆਨ ਨਾਲ ਸਮਾਜਿਕ ਨਿਆਇਕ ਸਿਧਾਂਤਾਂ ਤੇ ਭਾਰਤ ਦੇ ਸੰਵਿਧਾਨ ਦੇ ਮੂਲ ਸਿਧਾਂਤਾਂ ਨੂੰ ਠੇਸ ਪੁਚਾਈ ਗਈ ਹੈ। ਬਰਾੜ ਨੇ ਕਿਹਾ ਕਿ ਡਾਕਟਰ ਅੰਬੇਦਕਰ ਸਿਰਫ਼ ਦਲਿਤ ਸਮਾਜ ਦੇ ਹੀ ਨਹੀਂ, ਸਗੋਂ ਪੂਰੇ ਦੇਸ਼ ਦੇ ਨਾਇਕ ਹਨ। ਉਨ੍ਹਾਂ ਦੇ ਸੰਵਿਧਾਨਿਕ ਯੋਗਦਾਨਾਂ ਨੂੰ ਘਟੀਆ ਰਾਜਨੀਤਕ ਹਥਕੰਡਿਆਂ ਨਾਲ ਘਟਾ ਕੇ ਨਹੀਂ ਦੇਖਿਆ ਜਾ ਸਕਦਾ। ਇਸ ਬਿਆਨ ਨੂੰ ਸਮਾਜ ਦੇ ਹਰ ਵਰਗ ਵੱਲੋਂ ਨਿਰੰਤਰ ਰੂਪ ਵਿੱਚ ਨਕਾਰਿਆ ਜਾਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਜਾਣ ਬੁੱਝ ਕੇ ਪੁੱਠੇ ਸਿੱਧੇ ਬਿਆਨ ਦਾਗ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਨੂੰ ਲੈ ਕੇ ਦਲਿਤ ਸਮਾਜ ਦੇ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਅਖੀਰ ਵਿਚ ਕਿਹਾ ਕਿ ਜੇਕਰ ਅਮਿਤ ਸ਼ਾਹ ਨੇ ਆਪਣੇ ਬਿਆਨ ਲਈ ਮਾਫ਼ੀ ਨਾ ਮੰਗੀ, ਤਾਂ ਉਨ੍ਹਾਂ ਦੇ ਖਿਲਾਫ ਕਾਂਗਰਸ ਵੱਲੋਂ ਰਾਜਪੱਖ ਅੰਦੋਲਨ ਕੀਤਾ ਜਾਵੇਗਾ।

ਦੇਸੀ ਪਿਸਟਲ, ਜ਼ਿੰਦਾ ਰੌਂਦਾਂ ਤੇ ਹੋਰ ਅਸਲੇ ਸਮੇਤ ਨੌਜਵਾਨ ਕਾਬੂ

ਮੋਗਾ (ਇਕਬਾਲ ਸਿੰਘ ਖਹਿਰਾ)

ਪੁਲਸ ਨੂੰ ਉਸ ਸਮੇਂ ਵੱਡੀ ਸਫ਼ਲਤਾ ਮਿਲੀ, ਜਦ ਥਾਣਾ ਧਰਮਕੋਟ ਦੀ ਪੁਲਸ ਪਾਰਟੀ ਵੱਲੋਂ ਇੱਕ ਨੌਜਵਾਨ ਰਾਜਵਿੰਦਰ ਸਿੰਘ ਰਾਜੂ ਪੁੱਤਰ ਪਿੱਪਲ ਸਿੰਘ ਪੁੱਤਰ ਹਰਨਾਮ ਸਿੰਘ ਵਾਸੀ ਨੂਰਪੁਰ ਹਕੀਮਾਂ ਪਾਸੋਂ ਇੱਕ ਦੇਸੀ ਪਿਸਟਲ 32 ਬੋਰ ਸਮੇਤ ਮੈਗਜੀਨ ਪੰਜ ਜਿੰਦਾ ਰੌਂਦ 32 ਬੋਰ .6 7.65 ਮਾਰਕਾ ਤੇ ਇੱਕ ਦੇਸੀ ਕੱਟਾ 315 ਬੋਰ ਸਮੇਤ 03 ਜਿੰਦਾ ਰੌਂਦ 315 ਬੋਰ ਮਾਰਕਾ ਕੇ ਐੱਫ ਐੱਚ ਐੱਮ ਐੱਮ ਬਰਾਮਦ ਕੀਤੇ ਗਏ।

18 ਜਨਵਰੀ ਨੂੰ ਐੱਸ.ਆਈ. ਚਰਨਜੀਤ ਸਿੰਘ ਥਾਣਾ ਧਰਮਕੋਟ ਵੱਲੋਂ ਸਮੇਤ ਪੁਲਸ ਪਾਰਟੀ ਬਰਾਏ ਨਾਕਾਬੰਦੀ ਪਿੰਡ ਨੂਰਪੁਰ ਤੋਂ ਲਿੰਕ ਰੋਡ 'ਤੇ ਮੌਜੂਦ ਸੀ ਤਾਂ ਸ਼ੱਕ ਦੀ ਬਿਨਾਹ 'ਤੇ ਰਾਜਵਿੰਦਰ ਸਿੰਘ ਰਾਜੂ ਪੁੱਤਰ ਪਿੱਪਲ ਸਿੰਘ ਪੁੱਤਰ ਹਰਨਾਮ ਸਿੰਘ ਵਾਸੀ ਨੂਰਪੁਰ ਹਕੀਮਾਂ ਨੂੰ ਕਾਬੂ ਕਰਕੇ ਇਕ ਪਿਸਟਲ, ਜਿਸ ਦੇ ਮੁੱਠੇ 'ਤੇ ਸਟਾਰ ਬਣੀਆ ਸਮੇਤ ਮੈਗ਼ਜ਼ੀਨ ਵਿੱਚੋਂ ਪੰਜ ਰੌਂਦ ਕੇ ਐੱਫ ਜੀ ਐੱਫ ਈ ਮਾਰਕਾ 32 ਬੋਰ ਦੇ ਮਿਲੇ, ਜਿਸ 'ਤੇ ਐੱਸ.ਆਈ. ਚਰਨਜੀਤ ਸਿੰਘ ਵੱਲੋਂ ਮੁਕੱਦਮਾ ਉਕਤ ਦਰਜ ਰਜਿਸਟਰ ਕਰਾਇਆ ਗਿਆ, ਜਿਸ ਨੂੰ 19.01.2025 ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ 01 ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ।

ਮੋਹਨ ਭਾਗਵਤ ਦਾ ਬਿਆਨ ਆਜ਼ਾਦੀ ਘੁਲਾਟੀਆਂ ਦਾ ਅਪਮਾਨ : ਡਾਕਟਰ ਅਰੁਣ ਮਿੱਤਰਾ

ਲੁਧਿਆਣਾ (ਐਮ ਐਸ ਭਾਟੀਆ)

ਆਰਐਸਐਸ ਪ੍ਰਮੁੱਖ ਮੋਹਨ ਭਾਗਵਤ ਦੇ ਬਿਆਨ ਅਸਲ ਆਜ਼ਾਦੀ 1947 ਵਿੱਚ ਨਹੀਂ ਬਲਕਿ ਉਸ ਦਿਨ ਆਈ ਜਿਸ ਦਿਨ ਰਾਮ ਮੰਦਰ ਬਣਿਆ, ਦੀ ਅਸੀਂ ਭਰਪੂਰ ਨਿਖੇਧੀ ਕਰਦੇ ਹਾਂ। ਇਹ ਸ਼ਹੀਦ ਭਗਤ ਸਿੰਘ ਸਮੇਤ ਸਾਰੇ ਇਨਕਲਾਬੀਆਂ ਦਾ ਤੇ ਆਜ਼ਾਦੀ ਘੁਲਾਟੀਆਂ ਦਾ ਘੋਰ ਅਪਮਾਨ ਹੈ, ਜਿਸ ਨੂੰ ਬਿਲਕੁਲ ਵੀ ਸਹਿਣ ਨਹੀਂ ਕੀਤਾ ਜਾਏਗਾ।

ਭਾਰਤੀ ਕਮਿਊਨਿਸਟ ਪਾਰਟੀ ਦੇ ਕੌਮੀ ਕੌਂਸਲ ਮੈਂਬਰ ਡਾਕਟਰ ਅਰੁਣ ਮਿੱਤਰਾ ਨੇ ਲੁਧਿਆਣਾ ਸ਼ਹਿਰੀ ਕਮੇਟੀ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਹ ਗੱਲ ਤਾਂ ਸਾਫ ਹੈ ਕਿ ਆਰ ਐਸ ਐਸ ਨੇ ਆਜ਼ਾਦੀ ਦੇ ਸੰਘਰਸ਼ ਵਿੱਚ ਨਾ ਕੇਵਲ ਹਿੱਸੇਦਾਰੀ ਹੀ ਨਹੀਂ ਪਾਈ, ਬਲਕਿ ਇਸਦੇ ਉਲਟ ਬਰਤਾਨਵੀ ਸਾਮਰਾਜ ਦਾ ਸਾਥ ਦਿੱਤਾ।ਇਹ ਬੜੀ ਹਾਸੋਹੀਣੀ ਗੱਲ ਹੈ ਕਿ ਇਕ ਪਾਸੇ ਆਰ ਐਸ ਐਸ ਦੀ ਥਾਪੜੀ ਭਾਜਪਾ ਸਰਕਾਰ ਆਜ਼ਾਦੀ ਦੇ 75 ਸਾਲਾਂ ਦੇ ਜਸ਼ਨ ਮਨਾਉਣ ਦੀਆਂ ਗੱਲਾਂ ਕਰ ਰਹੀ ਹੈ ਤੇ ਦੂਜੇ ਪਾਸੇ ਮੋਹਨ ਭਾਗਵਤ ਉਸਨੂੰ ਆਜ਼ਾਦੀ ਮੰਨਦੇ ਹੀ ਨਹੀਂ।

ਮੋਹਨ ਭਾਗਵਤ ਦਾ ਇਹ ਵੀ ਕਹਿਣਾ ਕਿ ਅਸੀਂ ਜੋ ਕਿ ਗਰੀਬੀ ਹਟਾਓ ਦੇ ਨਾਅਰੇ ਦਿੰਦੇ ਰਹੇ, ਪੱਛੜ ਗਏ ਜਦੋਂ ਕਿ ਇਜਰਾਇਲ ਕਿਤੇ ਅੱਗੇ ਨਿਕਲ ਗਿਆ।ਇਹ ਸਭ ਦੇ ਸਾਹਮਣੇ ਹੈ ਕਿ ਕਿਸ ਢੰਗ ਦੇ ਨਾਲ ਇਜਰਾਇਲ ਇਕ ਹਮਲਾਵਰ ਮੁਲਕ ਹੈ ਤੇ ਹਮਲੇ ਕਰਕੇ ਉਸਨੇ ਹੁਣੇ ਹੁਣੇ ਗਾਜ਼ਾ ਵਿੱਚ 46 ਹਜਾਰ ਲੋਕਾਂ ਦਾ ਕਤਲ ਕੀਤਾ ਹੈ। ਮੋਹਨ ਭਾਗਵਤ ਭਾਰਤ ਨੂੰ ਵੀ ਉਹ ਜਿਹਾ ਹੀ ਬਣਾਉਣਾ ਚਾਹੁੰਦੇ ਹਨ।ਦਲਿਤਾਂ ਅਤੇ ਘੱਟ ਗਿਣਤੀਆਂ ਤੇ ਜ਼ੁਲਮ ਵਿਸ਼ੇਸ਼ ਕਰਕੇ ਜਿਥੇ ਭਾਜਪਾ ਦੀਆਂ ਸਰਕਾਰਾਂ ਹਨ, ਦੇ ਵਿੱਚ ਬਹੁਤ ਜਿਆਦਾ ਵਧ ਗਏ ਹਨ।

ਆਰ ਐਸ ਐਸ ਮਨੂੰ ਸਮਰਿਤੀ ਦੀ ਪੈਰੋਕਾਰ ਹੈ, ਜੋ ਕਿ ਉਚ ਨੀਚ ਤੇ ਅਧਾਰਤ ਜਾਤ ਪਾਤ ਦੀ ਵਿਚਾਰਧਾਰਾ ਦਾ ਧੁਰਾ ਹੈ। ਇਸੇ ਕਰਕੇ ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ ਤੇ ਵੰਡ ਪਾਊ ਫਿਰਕੂ ਬਿਆਨਬਾਜ਼ੀ ਕਰਕੇ ਸਮਾਜ ਨੂੰ ਵੰਡਿਆ ਜਾ ਰਿਹਾ ਹੈ।ਪਰ ਭਾਰਤ ਦੇ ਲੋਕ ਹਮੇਸ਼ਾ ਹੀ ਪਿਆਰ ਮੁਹੱਬਤ ਨੂੰ ਤਰਜੀਹ ਦਿੰਦੇ ਆਏ ਹਨ ਤੇ ਉਹ ਇਸ ਕਿਸਮ ਦੇ ਵਿਚਾਰਾਂ ਨੂੰ ਛੇਤੀ ਹੀ ਭਾਜ ਦੇਣਗੇ।ਮੀਟਿੰਗ ਦਾ ਏਜੰਡਾ ਰੱਖਦੇ ਹੋਏ ਸ਼ਹਿਰੀ ਸਕੱਤਰ ਐਮ ਐਸ ਭਾਟੀਆ ਨੇ ਕਿਹਾ ਕਿ ਲੁਧਿਆਣਾ ਸ਼ਹਿਰ ਦੀ ਪਾਰਟੀ ਜਿੱਥੇ ਪਾਰਟੀ ਦੇ 100 ਸਾਲਾ ਸੌ ਸਾਲਾ ਪ੍ਰੋਗਰਾਮਾਂ ਵਿੱਚ ਵਧ ਚੜ੍ਹ ਕੇ ਹਿੱਸਾ ਲਵੇਗੀ, ਉਥੇ 21 ਤੋਂ 25 ਸਤੰਬਰ ਤੱਕ ਚੰਡੀਗੜ੍ਹ ਵਿੱਚ ਹੋਣ ਵਾਲੀ ਸਿਲਵਰ ਜੁਬਲੀ ਕਾਂਗਰਸ ਵਿੱਚ ਵੀ ਲੁਧਿਆਣਾ ਸ਼ਹਿਰ ਤੋਂ ਵੱਧ ਤੋਂ ਵੱਧ ਸਾਥੀ ਅਤੇ ਵਲੰਟੀਅਰ ਲੈ ਕੇ ਜਾਵੇਗੀ, ਜਿੱਥੇ ਸਾਥੀਆਂ ਦਾ ਹਿੱਸਾ ਪਾਇਆ ਜਾਵੇਗਾ, ਉਥੇ ਮਾਇਕ ਤੌਰ 'ਤੇ ਵੀ ਜੋ ਸਾਡੀ ਜ਼ਿੰਮੇਵਾਰੀ ਲੱਗੀ ਹੈ, ਉਸ ਨੂੰ ਵਧ ਚੜ ਕੇ ਪੂਰਾ ਕੀਤੇ ਜਾਵੇਗਾ।

ਕਾਤਰਾਂ

ਭਗਤਾ ਭਾਈ ਕਾ ਦੇ ਨੌਜਵਾਨ ਦੀ ਕੈਨੇਡਾ 'ਚ ਮੌਤ

ਬਠਿੰਡਾ (ਰਾਜੀਵ ਗੋਇਲ)-ਰੋਜ਼ੀ-ਰੋਟੀ ਕਮਾਉਣ ਲਈ ਕਰੀਬ ਦੋ ਸਾਲ ਪਹਿਲਾਂ ਭਗਤਾ ਭਾਈ ਕਾ ਦੇ ਕੈਨੇਡਾ ਗਏ ਨੌਜਵਾਨ ਦੀ ਹਾਰਟ ਅਟੈਕ ਨਾਲ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।

ਜਾਣਕਾਰੀ ਅਨੁਸਾਰ ਭਗਤਾ ਭਾਈ ਕਾ ਦੇ ਰਹਿਣ ਵਾਲੇ ਇੱਕ ਕੋਲਡ ਸਟੋਰ ਮੁਨੀਮ ਰਮੇਸ਼ ਕੁਮਾਰ ਆਹੂਜਾ ਦਾ ਬੇਟਾ ਕਰੀਬ ਦੋ ਸਾਲ ਪਹਿਲਾਂ ਸ਼ਾਦੀ ਕਰਕੇ ਕੈਨੇਡਾ ਦੇ ਸਰੀ ਵਿਖੇ ਗਿਆ ਸੀ ਜਿੱਥੇ ਉਹ ਪਤੀ-ਪਤਨੀ ਰਹਿ ਰਹੇ ਸਨ। ਬੀਤੇ ਦਿਨੀਂ ਉਕਤ ਨੌਜਵਾਨ ਸੁਮੀਤ ਆਹੂਜਾ ਉਰਫ ਚੰਦਨ ਦੀ ਹਾਰਟ ਅਟੈਕ ਨਾਲ ਅਚਾਨਕ ਮੌਤ ਹੋ ਗਈ, ਜਿਸਦੀ ਖਬਰ ਸੁਣਦੇ ਸਾਰ ਪਰਿਵਾਰ ਸਮੇਤ ਸ਼ਹਿਰ ਵਿੱਚ ਮਾਤਮ ਫੈਲ ਗਿਆ। ਦੱਸਣਾ ਬਣਦਾ ਹੈ ਕਿ ਮ੍ਰਿਤਕ ਦਾ ਛੋਟਾ ਭਰਾ ਆਸਟ੍ਰੇਲੀਆ ਵਿਖੇ ਰਹਿ ਰਿਹਾ ਹੈ। ਹੁਣ ਪਰਿਵਾਰ ਵੱਲੋਂ ਸੂਬਾ ਸਰਕਾਰ ਤੇ ਕੇਂਦਰੀ ਵਿਦੇਸ਼ ਮੰਤਰੀ ਪਾਸੋਂ ਉਨ੍ਹਾਂ ਦੇ ਬੇਟੇ ਦੀ ਮ੍ਰਿਤਕ ਦੇਹ ਭਾਰਤ ਲਿਆਉਣ ਦੀ ਮੰਗ ਕੀਤੀ ਗਈ ਹੈ।

70 ਬੱਚਿਆਂ ਨੂੰ ਜਰਸੀਆਂ ਤੇ ਕੋਟੀਆਂ ਤਕਸੀਮ

ਜਗਰਾਉਂ (ਅਮਿਤ ਖੰਨਾ)-'ਕਰ ਭਲਾ ਹੋ ਭਲਾ ਸੁਸਾਇਟੀ' ਨੇ ਠੰਢ ਦੇ ਮੱਦੇਨਜ਼ਰ ਰੱਖਦੇ ਹੋਏ ਆਦਰਸ਼ ਕੰਨਿਆ ਵਿੱਦਿਆ ਸਕੂਲ ਦੇ 70 ਬੱਚਿਆਂ ਨੂੰ ਜਰਸੀਆਂ ਤੇ ਕੋਟੀਆਂ ਤਕਸੀਮ ਕੀਤੀਆਂ। ਇਸ ਮੌਕੇ ਚੇਅਰਮੈਨ ਅਮਿਤ ਅਰੋੜਾ ਤੇ ਪ੍ਰਧਾਨ ਰਾਜਿੰਦਰ ਜੈਨ ਕਾਕਾ ਨੇ ਕਿਹਾ ਕਿ ਸੁਸਾਇਟੀ ਪਿਛਲੇ ਲੰਮੇ ਸਮੇਂ ਤੋਂ ਸਮਾਜ ਸੇਵਾ ਦੇ ਕੰਮਾਂ ਨੂੰ ਨਿਰਵਿਘਨ ਕਰ ਰਹੀ ਹੈ। ਉਨ੍ਹਾਂ ਕਿਹਾ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਸੰਸਥਾ ਵੱਲੋਂ ਕਾਫੀ ਸਮਾਜ ਸੇਵਾ ਦੇ ਕੰਮ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੰਸਥਾ ਜਿੱਥੇ ਜ਼ਰੂਰਤਮੰਦ ਪਰਵਾਰਾਂ ਨੂੰ ਹਰੇਕ ਮਹੀਨੇ ਸੁੱਕਾ ਰਾਸ਼ਨ ਦਿੰਦੀ ਹੈ, ਉੱਥੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਰੱਖਣ ਲਈ ਖੇਡਾਂ ਵੱਲ ਉਤਸ਼ਾਹਤ ਕਰਨ ਲਈ ਵੀ ਵਿਸ਼ੇਸ਼ ਉਪਰਾਲੇ ਕਰ ਰਹੀ ਹੈ।

ਭਗੌੜੀ ਔਰਤ ਨੂੰ ਪੀ ਓ ਸਟਾ

21 - January - Page - 6.qxd 1/20/2025 10:29 PM Page 1

ਡਰਾਈਵਰਾਂ ਦੀਆਂ ਅੱਖਾਂ ਦੀ ਜਾਂਚ ਸੰਬੰਧੀ ਕੈਂਪ ਲਾਇਆ

ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ) ਪੰਜਾਬ ਸਰਕਾਰ ਵੱਲੋਂ ਜਨਵਰੀ ਮਹੀਨੇ ਨੂੰ ਸੜਕ ਸੁਰੱਖਿਆ ਦੇ ਤੌਰ 'ਤੇ ਮਨਾਏ ਜਾਣ ਦੇ ਸਬੰਧ ਵਿੱਚ ਸਿਵਲ ਸਰਜਨ ਡਾ. ਚੰਦਰ ਸ਼ੇਖਰ ਕੱਕੜ ਦੇ ਦਿਸ਼ਾ-ਨਿਰਦੇਸ਼ਾਂ ਅਤੇ ਨੈਸ਼ਨਲ ਪ੍ਰੋਗਰਾਮ ਫਾਰ ਕੰਟਰੋਲ ਆਫ ਬਲਾਈਂਡਨੈਸ ਦੇ ਜ਼ਿਲ੍ਹਾ ਨੋਡਲ ਅਫ਼ਸਰ ਡਾ. ਪਰਮਿੰਦਰ ਕੌਰ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਟਰਾਂਸਪੋਰਟ ਵਿਭਾਗ ਦੀ ਟੀਮ ਦੇ ਸਹਿਯੋਗ ਨਾਲ ਵੱਖ-ਵੱਖ ਅਦਾਰਿਆਂ ਅਤੇ ਸਕੂਲਾਂ ਦੀਆਂ ਵੈਨਾਂ ਦੇ ਡਰਾਈਵਰਾਂ ਦੀਆਂ ਅੱਖਾਂ ਦੀ ਜਾਂਚ ਲਈ ਕੈਂਪ ਲਾਇਆ ਗਿਆ। ਇਸ ਮੌਕੇ ਡਾ. ਪਰਮਿੰਦਰ ਕੌਰ ਤੇ ਆਪਥਾਲਮਿਕ ਅਫਸਰ ਹਰਲੀਨ ਕੌਰ ਨੇ 24 ਡਰਾਈਵਰਾਂ ਦੀਆਂ ਅੱਖਾਂ ਦੀ ਜਾਂਚ ਕੀਤੀ। ਉਨ੍ਹਾਂ ਕਿਹਾ ਕਿ ਡਾਕਟਰੀ ਸਲਾਹ ਅਨੁਸਾਰ ਸਮੇਂ-ਸਮੇਂ 'ਤੇ ਅੱਖਾਂ ਦੀ ਜਾਂਚ ਅਤੇ ਇਲਾਜ ਕਰਾਉਣਾ ਚਾਹੀਦਾ ਹੈ, ਜੋ ਸਰਕਾਰੀ ਹਸਪਤਾਲ ਵਿਖੇ ਮੁਫ਼ਤ ਕੀਤਾ ਜਾਂਦਾ ਹੈ। ਡਾ. ਪਰਮਿੰਦਰ ਕੌਰ ਨੇ ਕਿਹਾ ਕਿ ਜਿਨ੍ਹਾਂ ਵਿਅਕਤੀਆਂ ਦੀਆਂ ਅੱਖਾਂ ਦੀ ਰੌਸ਼ਨੀ ਘੱਟ ਹੈ, ਉਨ੍ਹਾਂ ਨੂੰ ਇਲਾਜ ਹੋਣ ਤੱਕ ਕੋਈ ਵੀ ਵਹੀਕਲ ਚਲਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਤਾਂ ਜੁ ਕਿਸੇ ਅਣਗਹਿਲੀ ਕਾਰਣ ਕਿਸੇ ਦੀ ਵੀ ਕੀਮਤੀ ਜਾਨ ਨਾ ਚਲੀ ਜਾਵੇ।

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ/ਦੇਮ ਦਸੂਹਾ।
Mail Id:- tehsildasuya@gmail.com
ਤਕਸੀਮ ਕੇਸ : 10
ਵਾਕਿਆ ਰਕਬਾ ਪਿੰਡ ਸੰਘਵਾਲ/644, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ।
ਧਿਰਾਂ : ਕਰਿਸ਼ਨ ਦੇਵ ਉਰਫ ਕਿਸ਼ਨ ਦੇਵ ਬਨਾਮ ਹਰਬੰਸ ਸਿੰਘ ਵਗੈਰਾ

ਉਪਰੋਕਤ ਮੁਕੱਦਮੇ ਵਿੱਚ ਹੇਠ ਲਿਖੇ ਵਿਅਕਤੀਆਂ ਦੀ ਇਤਲਾਹ ਸਧਾਰਨ ਤਰੀਕੇ ਨਾਲ ਨਹੀਂ ਹੋ ਸਕਦੀ। ਇਸ ਲਈ ਉੱਤਰਵਾਦੀਆਂ ਨੂੰ ਅਖਬਾਰ ਨੋਟਿਸ/ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਮਿਤੀ 23.01.2025 ਨੂੰ ਬਾਅਦ ਦੁਪਹਿਰ 3:00 ਵਜੇ ਅਸਾਲਤਨ ਜਾਂ ਵਕਾਲਤਨ ਕੇਸ ਦੀ ਪੈਰਵੀ ਲਈ ਇਸ ਅਦਾਲਤ ਵਿੱਚ ਹਾਜ਼ਰ ਹੋਣ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ।

ਅੱਜ ਮਿਤੀ 17.01.2025 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਨੰਬਰ : 1365 ਰੀਡਰ-1 ਮਿਤੀ : 17.01.2025
ਸਹੀ/- ਸਹਾਇਕ ਕੁਲੈਕਟਰ ਦਰਜਾ ਅੱਵਲ
ਦਸੂਹਾ।

ਉੱਤਰਵਾਦੀ ਧਿਰ ਦਾ ਨਾਂਅ : 10. ਦੀਪਕ ਕੁਮਾਰ ਪੁੱਤਰ ਜਗਦੀਸ਼ ਰਾਮ, 15. ਮੀਨਾ ਰਾਣੀ ਵਿਧਵਾ ਪੂਰਨ ਸਿੰਘ, 17. ਅਮਨ ਕੁਮਾਰ ਪੁੱਤਰ ਪੂਰਨ ਸਿੰਘ ਪੁੱਤਰ ਰੁਲੀਆ ਰਾਮ। ਸਾਰੇ ਵਾਸੀਆਨ ਪਿੰਡ ਸੰਘਵਾਲ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ।

COURT NOTICE

(U/o 5 Rule 20 CPC)
In The Court of
Sh. Jagmohan Singh Sanghe
Principal Judge , Family Court, Jalandhar
GW/110/2024
CNR No. : PBJL01-007815-2024
Next Date:- 01.03.2025
Amandeep Kaur W/o Mandeep Singh D/o Inderjit Singh
Addresss VPO. Pandori Nijjran, Jalandhar, Now at Village Kapur, Jalandhar
V/S
1) Mandeep Singh S/o Mohan Singh
Address. VPO Kandola Jalandhar
2. General Public
Address : General Public
Petition Under Guardian and Wards Act.
Publication Issued To:
General Public
Address : General Public
In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 01-03-2025 at 10:00 a.m.
For details logon to https://highcourtchd.gov.in/?mod=district_notice&district=Jalandhar
Principal Judge , Family Court, Jalandhar
Dated, this day of 20-01-2025

ਦੀ ਲੱਖਣ ਕਲਾਂ ਸਹਿਕਾਰੀ ਖੇਤੀਬਾੜੀ ਸਭਾ ਲਿਮ:

ਸੇਲਜ਼ਮੈਨ ਦੀ ਭਰਤੀ ਸਬੰਧੀ ਨੋਟਿਸ

ਉਪਰੋਕਤ ਵਿਸ਼ੇ ਤੇ ਸਬੰਧ ਵਿੱਚ ਦੀ ਲੱਖਣ ਕਲਾਂ ਸਹਿਕਾਰੀ ਬਹੁਮੰਤਵੀ ਖੇਤੀਬਾੜੀ ਸਭਾ ਲਿਮ, ਪਿੰਡ ਲੱਖਣ ਕਲਾਂ ਦੀ ਅਸਾਮੀ ਤੇ ਸੇਲਜ਼ਮੈਨ ਦੀ ਭਰਤੀ ਕੀਤੀ ਜਾਣੀ ਹੈ। ਭਰਤੀ ਦੀ ਪ੍ਰਕਿਰਿਆ ਮਿਤੀ 23.01.2025 ਨੂੰ ਸਵੇਰੇ 10.0 ਵਜੇ ਸਭਾ ਦੇ ਦਫਤਰ ਪਿੰਡ ਲੱਖਣ ਕਲਾਂ, ਜ਼ਿਲ੍ਹਾ ਕਪੂਰਥਲਾ ਵਿਖੇ ਕੀਤੀ ਜਾਵੇਗੀ। ਭਰਤੀ ਸਬੰਧੀ ਯੋਗਤਾ ਅਤੇ ਸ਼ਰਤਾਂ ਹੇਠ ਅਨੁਸਾਰ ਹਨ :- 1) ਉਮੀਦਵਾਰ ਦੀ ਉਮਰ 18 ਤੋਂ 37 ਸਾਲ, 2) ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਗ੍ਰੈਜੂਏਸ਼ਨ ਯੋਗਤਾ ਦੇ ਡਿਗਰੀ ਅਤੇ ਦਸਵੀਂ ਪੱਧਰ ਦੀ ਪੰਜਾਬੀ ਦੀ ਵਿੱਦਿਅਕ ਯੋਗਤਾ, 3) ਉਮੀਦਵਾਰ ਨੇ ਭਾਰਤ ਸਰਕਾਰ ਦੇ ਇਲੈਕਟਰੋਨਿਕਸ ਵਿਭਾਗ ਦੇ 'ਓ' ਲੈਵਲ ਦੇ ਸਰਟੀਫਿਕੇਟ ਦਾ ਕੋਰਸ ਪਾਸ ਕੀਤਾ ਹੋਵੇ ਜਾਂ ਉਮੀਦਵਾਰ ਨੇ ਸਰਕਾਰ ਵੱਲੋਂ ਪ੍ਰਵਾਨਿਤ ਕਿਸੇ ਸੰਸਥਾ ਜਾਂ ਮਸ਼ਹੂਰ ਸੰਸਥਾ ਜੋ ISO 9001 ਅਨੁਸਾਰ ਤਸਦੀਕਸ਼ੁਦਾ ਹੋਵੇ ਤੋਂ ਘੱਟੋ-ਘੱਟ 120 ਘੰਟੇ ਦਾ ਹੇਠ ਲਿਖਿਆ ਕੋਰਸ ਪਾਸ ਕੀਤਾ ਹੋਵੇ:- (ੳ) ਪਰਸਨਲ ਕੰਪਿਊਟਰ ਦਾ ਕੋਰਸ, ਜਾਂ (ਅ) ਇਨਫੋਰਮੇਸ਼ਨ ਟੈਕਨੋਲੋਜੀ ਵਿਚ ਆਫਿਸ ਪ੍ਰੋਡਕਟੀਵਿਟੀ ਐਪਲੀਕੇਸ਼ਨ ਦਾ ਕੋਰਸ ਜਾਂ (ੲ) ਡੈਸਕਟਾਪ ਪਬਲਿਸ਼ਿੰਗ ਦਾ ਕੋਰਸ, 4) ਉਮੀਦਵਾਰ ਦੀ ਉਮਰ ਤੇ ਵਿਦਿਆਕ ਯੋਗਤਾ ਹੇਠਾਂ ਦਰਜ ਹੋਵੇ 5) ਨਿਯੁਕਤ ਕੀਤੇ ਜਾਣ ਵਾਲੇ ਕਰਮਚਾਰੀ ਨੂੰ ਆਪਣੀ ਨਿਯੁਕਤੀ ਦੇ ਸਮੇਂ ਪ੍ਰਬੰਧਕ ਕਮੇਟੀ ਵੱਲੋਂ ਦਰਸਾਈ ਗਈ ਜਮਾਨਤ ਉਮੀਦਵਾਰ ਕੋਲੋਂ ਗਰੰਟੀ ਦੇ ਤੌਰ 'ਤੇ ਦੇਣੀ ਪਵੇਗੀ। ਉਮੀਦਵਾਰ ਆਪਣੀ ਅਰਜ਼ੀ ਦੇ ਨਾਲ-ਨਾਲ ਆਪਣੀ ਯੋਗਤਾ ਸਬੰਧੀ ਸਰਟੀਫਿਕੇਟ ਦੀਆਂ ਤਸਦੀਕਸ਼ੁਦਾ ਕਾਪੀਆਂ, ਪਾਸਪੋਰਟ ਸਾਈਜ਼ ਫੋਟੋ ਅਤੇ ਹਲਫੀਆ ਬਿਆਨ ਸਭਾ ਦੇ ਦਫਤਰ ਵਿਖੇ ਮਿਤੀ 07.01.2025 ਤੋਂ 22.01.2025 ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ 1000-/ ਰੁਪਏ ਦੀ ਡੀ.ਡੀ. ਫੀਸ ਸਮੇਤ ਦਸਤੀ ਜਾਂ ਡਾਕ ਰਾਹੀਂ ਕਿਸੇ ਵੀ ਕੰਮਕਾਜ ਦੇ ਦਿਨ ਜਮ੍ਹਾਂ ਕਰਵਾ ਸਕਦੇ ਹਨ। ਮਿਤੀ 22.01.2025 ਨੂੰ ਸ਼ਾਮ 4 ਵਜੇ ਤੋਂ ਬਾਅਦ ਕੋਈ ਵੀ ਅਰਜ਼ੀ ਪ੍ਰਾਪਤ ਨਹੀਂ ਕੀਤੀ ਜਾਵੇਗੀ। ਭਰਤੀ ਪ੍ਰਕਿਰਿਆ ਤੇ ਇਟਰਵਿਊ ਸਬੰਧੀ ਕੋਈ ਵੀ ਜਾਣਕਾਰੀ ਕਿਸੇ ਵੀ ਕੰਮ ਕਾਜ ਦੇ ਦਿਨ ਸਭਾ ਦੇ ਦਫਤਰ ਵਿੱਚ ਹਾਜ਼ਰ ਹੋ ਕੇ ਜਾਂ +91-9463237203 'ਤੇ ਸੰਪਰਕ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ। ਉਮੀਦਵਾਰ ਦੀ ਭਰਤੀ ਕਰਨ ਜਾਂ ਨਾ ਕਰਨ ਸਬੰਧੀ ਹੱਕ ਸਿਲੇਕਸ਼ਨ ਕਮੇਟੀ ਕੋਲ ਰਾਖਵੇਂ ਰੱਖੇ ਜਾਣਗੇ।

ਸਹੀ/- ਪ੍ਰਧਾਨ, ਦੀ ਲੱਖਣ ਕਲਾਂ ਬਹੁਮੰਤਵੀ ਖੇਤੀਬਾੜੀ ਸਭਾ ਲਿਮ:, ਲੱਖਣ ਕਲਾਂ।

Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਊਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈੱਸਟ (ਐਕਟ, 2002 (54 ਆਫ 2002) ਅਧੀਨ ਅਤੇ ਸਕਿਊਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 19.08.2024 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ (1) ਸ੍ਰੀਮਤੀ ਕੁਲਵਿੰਦਰ ਕੌਰ ਪਤਨੀ ਪਾਲ ਸਿੰਘ ਵਾਸੀ ਪਿੰਡ ਪੰਧੇਰ ਕੁਲਾਰ, ਜਲੰਧਰ, ਪੰਜਾਬ-144625 (2) ਸ੍ਰੀ ਪਾਲ ਸਿੰਘ ਪੁੱਤਰ ਸ੍ਰੀ ਨਸੀਬ ਸਿੰਘ ਪਿੰਡ ਪੰਧੇਰ ਕੁਲਾਰ, ਜਲੰਧਰ, ਪੰਜਾਬ-144625 (3) ਸ੍ਰੀਮਤੀ ਜਸਵੰਤ ਕੌਰ ਪੁੱਤਰੀ ਸ੍ਰੀ ਪਾਲ ਸਿੰਘ ਵਾਸੀ ਪੰਧੇਰ ਕੁਲਾਰ, ਜਲੰਧਰ, ਪੰਜਾਬ-144625 (ਬਾਅਦ 'ਚ ਕਰਜ਼ਦਾਰਾਂ ਵਜੋਂ ਹਵਾਲਾ) ਅਤੇ ਗਰੰਟਰ (4) ਸ੍ਰੀ ਰਜੇਸ਼ ਬਹਿਲ ਪੁੱਤਰ ਸ੍ਰੀ ਸੁਰਿੰਦਰ ਬਹਿਲ ਵਾਸੀ ਵਾਰਡ ਨੰ. 8, ਜੈਨ ਕਾਲੋਨੀ, ਸ਼ਾਹਕੋਟ ਜਲੰਧਰ, ਪੰਜਾਬ-144702 (ਬਾਅਦ 'ਚ ਗਰੰਟਰ ਵਜੋਂ ਹਵਾਲਾ) ਨੂੰ ਡਿਮਾਂਡ ਨੋਟਿਸ 'ਚ ਦਰਸਾਏ ਅਨੁਸਾਰ ਐੱਚ ਐੱਲ /018611000102 ਵਿੱਚ ਬਕਾਇਆ ਨਿਕਲਦੀ ਰਾਸ਼ੀ ਰੁਪਏ 18,26,690.10 ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਲਈ ਕਿਹਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਿਹਾ ਹੈ, ਇਸ ਲਈ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਨਿਯਮ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਖੁਦ ਨੂੰ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਐੱਲ ਏ ਪੀ/0156602000030 ਵਿੱਚ ਬਕਾਇਆ ਨਿਕਲਦੀ ਰਾਸ਼ੀ ਰੁਪਏ 12,71,333.40 ਮਿਤੀ 01.05.2024 ਤੋਂ ਲਾਗੂ ਭਵਿੱਖੀ ਵਿਆਜ ਸਮੇਤ ਵਸੂਲੀ ਜਾਵੇਗੀ।

ਅਚੱਲ ਜਾਇਦਾਦ ਦਾ ਵੇਰਵਾ

ਪ੍ਰਾਇਮਰੀ ਸਕਿਊਰਟੀ : ਅਚੱਲ ਜਾਇਦਾਦ ਦਾ ਉਚਿਤ ਰਹਿਣਨਾਮਾ : ਵਿਕਰੀ ਬੈਨਾਮਾ ਦਸਤਾਵੇਜ਼ ਨੰ. 2023-24/177/1/42 ਮਿਤੀ 10.04.2023 ਅਨੁਸਾਰ ਸ੍ਰੀਮਤੀ ਕੁਲਵਿੰਦਰ ਕੌਰ ਪਤਨੀ ਪਾਲ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 04 ਮਰਲੇ, ਸ਼ਾਹਕੋਟ, ਹਦਬਸਤ ਨੰ. 47, ਤਹਿਸੀਲ ਸ਼ਾਹਕੋਟ ਨਾਲ ਸੰਬੰਧਤ ਸਭ ਕੁਝ।

ਮਿਤੀ : 18.01.2025, ਸਥਾਨ : ਸ਼ਾਹਕੋਟ (ਅਧਿਕਾਰਤ ਅਫਸਰ)

Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਊਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈੱਸਟ (ਐਕਟ, 2002 (54 ਆਫ 2002) ਅਧੀਨ ਅਤੇ ਸਕਿਊਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 20.09.2024 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ (1) ਅਨੀਤਾ ਪਤਨੀ ਰਾਜ ਕੁਮਾਰ, ਵਾਸੀ ਵਾਰਡ ਨੰ. 11, ਤਹਿਸੀਲ ਸ਼ਾਹਕੋਟ, ਲੋਹੀਆਂ ਖਾਸ, ਜਲੰਧਰ, ਪੰਜਾਬ-144629 (2) ਰਾਜ ਕੁਮਾਰ ਪੁੱਤਰ ਬਲਦੇਵ ਰਾਜ, ਵਾਸੀ ਵਾਰਡ ਨੰ. 12, ਲੋਹੀਆਂ ਖਾਸ, ਜਲੰਧਰ-144629 (ਬਾਅਦ 'ਚ ਕਰਜ਼ਦਾਰਾਂ ਵਜੋਂ ਹਵਾਲਾ) ਅਤੇ ਗਰੰਟਰ (3) ਵਿਸ਼ਾਲਦੀਪ ਸਿੰਘ ਪੁੱਤਰ ਪ੍ਰੀਤਮ ਸਿੰਘ, ਵਾਸੀ ਨਵਾਂ ਪਿੰਡ ਖਾਲੇਵਾਲ, ਜਲੰਧਰ ਪੰਜਾਬ-144629 (ਬਾਅਦ 'ਚ ਗਰੰਟਰ ਵਜੋਂ ਹਵਾਲਾ) ਨੂੰ ਡਿਮਾਂਡ ਨੋਟਿਸ 'ਚ ਦਰਸਾਏ ਅਨੁਸਾਰ ਐੱਲ ਏ ਪੀ/049602000034 ਵਿੱਚ ਬਕਾਇਆ ਨਿਕਲਦੀ ਰਾਸ਼ੀ ਰੁਪਏ 9,39,539.80 ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਲਈ ਕਿਹਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਿਹਾ ਹੈ, ਇਸ ਲਈ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਨਿਯਮ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਖੁਦ ਨੂੰ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਐੱਲ ਏ ਪੀ/0156602000030 ਵਿੱਚ ਬਕਾਇਆ ਨਿਕਲਦੀ ਰਾਸ਼ੀ ਰੁਪਏ 12,71,333.40 ਮਿਤੀ 01.05.2024 ਤੋਂ ਲਾਗੂ ਭਵਿੱਖੀ ਵਿਆਜ ਸਮੇਤ ਵਸੂਲੀ ਜਾਵੇਗੀ।

ਅਚੱਲ ਜਾਇਦਾਦ ਦਾ ਵੇਰਵਾ

ਪ੍ਰਾਇਮਰੀ ਸਕਿਊਰਟੀ : ਅਚੱਲ ਜਾਇਦਾਦ ਦਾ ਉਚਿਤ ਰਹਿਣਨਾਮਾ : ਵਿਕਰੀ ਬੈਨਾਮਾ ਦਸਤਾਵੇਜ਼ ਨੰ. 2018-19/117/1/1579 ਮਿਤੀ 06-02-2019 ਅਨੁਸਾਰ ਸ਼ਿੰਦਰ ਕੌਰ ਪਤਨੀ ਜਗਤਾਰ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 10 ਮਰਲੇ, ਮੱਲਾਂਵਾਲਾ ਸ਼ਮਾਲੀ, ਤਹਿਸੀਲ ਜ਼ੀਰਾ, ਹਦਬਸਤ ਨੰ. 1, ਨਾਲ ਸੰਬੰਧਤ ਸਭ ਕੁਝ।

ਮਿਤੀ : 18.01.2025, ਸਥਾਨ : ਮੱਲਾਂਵਾਲਾ (ਅਧਿਕਾਰਤ ਅਫਸਰ)

Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਊਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈੱਸਟ (ਐਕਟ, 2002 (54 ਆਫ 2002) ਅਧੀਨ ਅਤੇ ਸਕਿਊਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 20.09.2024 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ (1) ਸ੍ਰੀਮਤੀ ਕੁਲਵਿੰਦਰ ਕੌਰ ਪਤਨੀ ਪਾਲ ਸਿੰਘ ਵਾਸੀ ਪਿੰਡ ਪੰਧੇਰ ਕੁਲਾਰ, ਜਲੰਧਰ, ਪੰਜਾਬ-144625 (2) ਸ੍ਰੀ ਪਾਲ ਸਿੰਘ ਪੁੱਤਰ

ਪੰਜਾਬੀ ਸਾਹਿਤ ਸਭਾ ਜ਼ੀਰਾ ਦੀ ਮਹੀਨਾਵਾਰ ਮੀਟਿੰਗ 'ਚ ਚੱਲਿਆ ਰਚਨਾਵਾਂ ਦਾ ਦੌਰ

ਜ਼ੀਰਾ (ਨਰਿੰਦਰ ਅਨੇਜਾ)-ਪੰਜਾਬੀ ਸਾਹਿਤ ਸਭਾ ਜ਼ੀਰਾ ਦੀ ਮਾਸਿਕ ਇੱਕਤਰਤਾ ਜੀਵਨਮੱਲ ਸੀਨੀਅਰ ਸੈਕੰਡਰੀ ਮਾਡਲ ਹਾਈ ਸਕੂਲ (ਲੜਕੇ) ਨੇੜੇ ਬੱਸ ਸਟੈਂਡ ਜ਼ੀਰਾ ਵਿਖੇ ਸ੍ਰੀ ਹਰੀ ਦਾਸ ਚੌਹਾਨ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਰਚਨਾਵਾਂ ਦੇ ਦੌਰ ਵਿੱਚ ਸਭ ਤੋਂ ਪਹਿਲਾਂ ਸ਼ੁਭਮ ਚੌਹਾਨ ਨੇ ਕਵਿਤਾ ਮਾਂ ਬੋਲੀ ਪੰਜਾਬੀ ਸਾਡੀ, ਇਸ ਦਾ ਪੂਰਾ ਮਾਣ ਕਰੋ ਸੁਣਾਈ।ਹਰੀ ਦਾਸ ਚੌਹਾਨ ਨੇ ਕਵਿਤਾ 'ਵਿਹਲੇ ਬੈਠ ਜੋ ਐਸ਼ਾਂ ਕਰਦੇ' ਸੁਣਾਈ।ਹਰਜੀਤ ਸਿੰਘ ਬੇਦੀ ਤਲਵੰਡੀ ਭਾਈ ਨੇ ਲੇਖਨੁਮਾ ਰਚਨਾ ਮੇਰਾ ਪਾਲਣਹਾਰ ਸੁਣਾਈ।ਲਵਲੀ ਜ਼ੀਰਾ ਨੇ ਗੀਤ ਸੁੱਖਾਂ ਸੁੱਖ-ਸੁੱਖ ਕੇ ਲਏ ਨਿਆਣੇ' ਗਾ ਕੇ ਸੁਣਾਇਆ। ਵਰਿੰਦਰ ਜ਼ੀਰਾ ਨੇ ਵੀ ਆਪਣੀ ਹਾਜ਼ਰੀ ਵਾਈ।ਅਮਰਜੀਤ ਸਿੰਘ ਸਨ੍ਹੇਰਵੀ ਨੇ ਕਵਿਤਾ 'ਮੇਰੇ ਸਾਹਾਂ ਵਿੱਚ' ਸੁਣਾਈ।ਜਰਨੈਲ ਸਿੰਘ ਭੁੱਲਰ ਨੇ ਗਜ਼ਲ਼ ਸਮਝ ਜਾਂਦੇ ਵਕਤ ਸਿਰ, ਜੋ ਨੇ ਇਸ਼ਾਰੇ ਵਕਤ ਦੇ' ਸੁਣਾਈ।ਨਵਜੋਤ ਨੀਲੇਵਾਲਾ ਨੇ ਮਿੰਨੀ ਕਹਾਣੀ 'ਇੱਕਲੀ ਕੁੜੀ' ਸੁਣਾਈ।ਕੁਲਵੰਤ ਜ਼ੀਰਾ ਨੇ ਕਵਿਤਾ ਤੂੰ ਕਿਹਾ ਸੀ, ਭੁੱਲ ਜਾ ਮੈਨੂੰ, ਭੁੱਲ ਗਿਆ ਸੁਣਾਈ।ਸੁਖਵਿੰਦਰ ਸੁੱਖ ਨੇ ਗੀਤ ਗਾ ਕੇ ਸੁਣਾਇਆ।ਦੀਪ ਜ਼ੀਰਵੀ ਨੇ ਕਾਵਿ ਲਿਖਤ 'ਕੰਨ ਕਰ ਗੱਲ ਸੁਣ ਮੇਰੀ ਬਾਊ' ਸੁਣਾਈ। ਸਟੇਜ ਸੈਕਟਰੀ ਦੀ ਜਿੰਮੇਵਾਰੀ ਵਰਿੰਦਰ ਜ਼ੀਰਾ ਨੇ ਨਿਭਾਈ।ਹਰ ਰਚਨਾ ਤੇ ਉਸਾਰੂ ਚਰਚਾ ਹੋਈ।ਅੰਤ ਵਿੱਚ ਵਰਿੰਦਰ ਜ਼ੀਰਾ ਨੇ ਅਗਲੇ ਮਹੀਨੇ ਮੁੜ ਮਿਲਣ ਦੀ ਆਸ ਨਾਲ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ।

ਸਰਹੱਦੀ ਲੋਕਾਂ ਨੂੰ ਬਾਲ ਵਿਆਹ ਸਬੰਧੀ ਕੀਤਾ ਜਾਗਰੂਕ

ਮਮਦੋਟ (ਜਸਬੀਰ ਸਿੰਘ ਕੰਬੋਜ)-ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਜਾਰੀ ਨਿਰਦੇਸ਼ਾਂ ਤੇ ਸਤਵੰਤ ਸਿੰਘ ਸੀ ਡੀ ਪੀ ਓ ਮਮਦੋਟ ਦੀ ਰਹਿਨੁਮਾਈ ਹੇਠ ਟੀਮ ਵੱਲੋਂ ਸਰਹੱਦੀ ਖੇਤਰ ਦੇ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਆਮ ਲੋਕਾਂ ਨੂੰ ਬਾਲ ਵਿਆਹ ਦੇ ਨੁਕਸਾਨ ਤੋਂ ਜਾਣੂ ਕਰਾਉਂਦਿਆਂ ਜਗਰੂਕ ਕੀਤਾ ਗਿਆ। ਪਿੰਡ ਕੋਠੇ ਕਿਲੀ ਵਾਲੇ, ਪੋਜੋ ਕੇ, ਬੁਰਜੀ, ਫੱਤੇਵਾਲਾ ਆਦਿ ਪਿੰਡਾਂ ਵਿੱਚ ਲੋਕਾਂ ਨਾਲ ਗੱਲਬਾਤ ਕਰਦਿਆਂ ਸੁਪਰਵਾਈਜਰ ਕਾਂਤਾ ਰਾਣੀ ਤੇ ਸੁਪਰਵਾਈਜ਼ਰ ਨਰਿੰਦਰ ਕੌਰ ਨੇ 18 ਸਾਲ ਤੋਂ ਘੱਟ ਉਮਰ ਦੇ ਲੜਕੇ ਲੜਕੀ ਦੇ ਵਿਆਹ ਨੂੰ ਗੈਰ ਕਨੂੰਨੀ ਦੱਸਦੇ ਹੋਏ ਕਿਹਾ ਕਿ ਪੜ੍ਹਨ ਤੇ ਕੁੱਝ ਸਿੱਖਣ ਵਾਲੀ ਬਾਲ ਉਮਰੇ ਬੱਚਿਆਂ ਨੇ ਆਪਣੇ ਪੈਰਾਂ 'ਤੇ ਖੜੇ ਹੋਣ ਤੇ ਜੀਵਨ ਨੂੰ ਵਧੀਆ ਤਰੀਕੇ ਨਾਲ ਜਿਊਣ ਵਾਸਤੇ ਬਹੁਤ ਕੁੱਝ ਸਿੱਖਣਾ ਹੁੰਦਾ ਹੈ, ਜਿਸ ਨਾਲ ਜ਼ਿੰਦਗੀ ਵਧੀਆ ਤੇ ਆਸਾਨ ਤਰੀਕੇ ਨਾਲ ਕੱਟੀ ਜਾ ਸਕੇ।

ਨਰਿੰਦਰਪੁਰਾ 'ਚ ਲਾਇਆ ਖ਼ੂਨਦਾਨ ਕੈਂਪ

ਬੁਢਲਾਡਾ (ਅਸ਼ੋਕ ਲਾਕੜਾ)-ਨੇਕੀ ਫਾਊਂਡੇਸ਼ਨ ਵੱਲੋਂ ਨੇੜਲੇ ਪਿੰਡ ਨਰਿੰਦਰਪੁਰਾ ਵਿਖੇ ਨੌਜਵਾਨ ਏਕਤਾ ਕਲੱਬ ਨਰਿੰਦਰਪੁਰਾ ਦੇ ਸਹਿਯੋਗ ਨਾਲ ਖੂਨਦਾਨ ਕੈਂਪ ਲਾਇਆ ਗਿਆ, ਜਿੱਥੇ ਸਰਕਾਰੀ ਬਲੱਡ ਸੈਂਟਰ ਮਾਨਸਾ ਦੀ ਟੀਮ ਵੱਲੋਂ ਖੂਨ ਇਕੱਤਰ ਕੀਤਾ ਗਿਆ।ਕੈਂਪ ਵਿੱਚ ਔਰਤਾਂ ਸਮੇਤ 35 ਖੂਨਦਾਨੀਆਂ ਨੇ ਉਤਸ਼ਾਹ ਨਾਲ ਭਾਗ ਲਿਆ।ਕੈਂਪ ਦਾ ਉਦਘਾਟਨ ਬਾਬਾ ਆਤਮਾ ਸਿੰਘ ਗ੍ਰੰਥੀ ਸਾਹਿਬ, ਪਿੰਡ ਨਰਿੰਦਰਪੁਰਾ ਨੇ ਕੀਤਾ। ਇਸ ਮੌਕੇ ਸੰਸਥਾ ਨੇਕੀ ਫਾਊਂਡੇਸ਼ਨ ਨੇ ਸਾਰੇ ਖੂਨਦਾਨੀਆਂ ਨੂੰ ਸਰਟੀਫਿਕੇਟ ਅਤੇ ਗਿਫ਼ਟ ਨਾਲ ਸਨਮਾਨਤ ਕੀਤਾ।ਸੰਸਥਾ ਨੇ ਸਮੂਹ ਗ੍ਰਾਮ ਨਿਵਾਸੀਆਂ, ਗ੍ਰਾਮ ਪੰਚਾਇਤ ਤੇ ਕਲੱਬ ਦਾ ਸਹਿਯੋਗ ਲਈ ਧੰਨਵਾਦ ਕੀਤਾ।ਇਸ ਮੌਕੇ ਟੀਮ ਨੇਕੀ ਸਮੇਤ ਸਰਪੰਚ ਸਰਬਜੀਤ ਕੌਰ, ਅਜਾਇਬ ਸਿੰਘ, ਪੰਚ ਬਲਕਰਨ ਸਿੰਘ, ਮੀਤ ਸਿੰਘ, ਜਲ ਕੌਰ, ਨਸੀਬ ਕੌਰ, ਜਸਵਿੰਦਰ ਕੌਰ, ਛਿੰਦਾ ਸਿੰਘ, ਅੰਮ੍ਰਿਤਪਾਲ ਕੌਰ, ਹਰਵਿੰਦਰ ਬਿੰਦੀ (ਪ੍ਰਧਾਨ), ਬਲਜਿੰਦਰ ਸਿੰਘ (ਸੈਕਟਰੀ), ਮਨੋਜ ਕੁਮਾਰ (ਖਜ਼ਾਨਚੀ) ਆਦਿ ਨੇ ਕੈਂਪ ਨੂੰ ਸਫ਼ਲ ਬਣਾਉਣ ਵਿੱਚ ਆਪਣਾ ਯੋਗਦਾਨ ਪਾਇਆ।

ਪਰਖ ਪ੍ਰੀਖਿਆ 'ਚੋਂ ਅਹਿਮ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀ ਸਨਮਾਨਤ

ਲਹਿਰਾਗਾਗਾ (ਪਵਨ ਸ਼ਰਮਾ)-ਪੋਸਟ ਗ੍ਰੈਜੂਏਟ ਐਜੂਕੇਸ਼ਨਲ ਸੁਸਾਇਟੀ ਰਜਿ: ਦੇ ਪ੍ਰਧਾਨ ਸ੍ਰੀ ਲਕਸ਼ਮੀਕਾਂਤ ਖੋਖਰ ਦੀ ਅਗਵਾਈ ਵਿੱਚ ਡਾ. ਦੇਵਰਾਜ ਡੀ.ਏ.ਵੀ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਖਾਈ/ਲਹਿਰਾਗਾਗਾ ਦੇ ਉਨ੍ਹਾਂ ਵਿਦਿਆਰਥੀਆਂ ਦਾ, ਜਿਨ੍ਹਾਂ ਨੇ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਆਯੋਜਤ ਛੇਵੀਂ ਸੂਬਾਈ ਪਰਖ ਪ੍ਰੀਖਿਆ ਵਿੱਚੋਂ ਮੈਰਿਟ ਸੂਚੀ ਵਿੱਚ ਅਹਿਮ ਸਥਾਨ ਪ੍ਰਾਪਤ ਕਰਕੇ ਸਕੂਲ ਪਰਵਾਰ ਦੇ ਨਾਂਅ ਨੂੰ ਚਾਰ ਚੰਨ ਲਾਏ ਹਨ, ਨੂੰ ਸਨਮਾਨਤ ਕੀਤਾ ਗਿਆ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਪ੍ਰਵੀਨ ਖੋਖਰ ਨੇ ਕਿਹਾ ਕਿ ਚੇਤਨਾ ਪਰਖ ਪ੍ਰੀਖਿਆ ਵਿਦਿਆਰਥੀ ਲਈ ਇੱਕ ਅਜਿਹਾ ਪਲੇਟਫਾਰਮ ਹੈ, ਜਿਸ 'ਤੇ ਚੱਲਦਿਆਂ ਵਿਦਿਆਰਥੀ ਵਿਗਿਆਨਕ ਸੋਚ ਅਪਣਾ ਕੇ ਆਪਣਾ ਬਹੁਪੱਖੀ ਵਿਕਾਸ ਕਰ ਸਕਦੇ ਹਨ। ਉਨ੍ਹਾਂ ਸਕੂਲ ਸਟਾਫ ਦੀ ਭਰਵੀਂ ਪ੍ਰਸੰਸਾ ਕਰਦਿਆਂ ਕਿਹਾ ਕਿ ਵੱਖ-ਵੱਖ ਸੰਸਥਾਵਾਂ ਵੱਲੋਂ ਕਰਾਈਆਂ ਜਾਂਦੀਆਂ ਅਜਿਹੀਆਂ ਪ੍ਰੀਖਿਆਵਾਂ ਵਿੱਚ ਵਿਦਿਆਰਥੀਆਂ ਦਾ ਮੋਹਰੀ ਸਥਾਨ 'ਤੇ ਆਉਣਾ ਸਕੂਲ ਅਧਿਆਪਕਾਂ ਵੱਲੋਂ ਕਰਾਈ ਜਾਂਦੀ ਪੂਰੀ ਸ਼ਿੱਦਤ ਨਾਲ ਮਿਹਨਤ ਦੀ ਪ੍ਰਤੱਖ ਉਦਾਹਰਣ ਪੇਸ਼ ਕਰਦੀਆਂ ਹਨ। ਸਕੂਲ ਦੇ ਸਕੂਲ ਪ੍ਰਬੰਧਕ ਕਮੇਟੀ ਦੇ ਮੈਂਬਰ ਭੁਪਿੰਦਰ ਪਾਲ ਸਿੰਘ ਬਿਮਲਾ ਸ਼ਰਮਾ ਨੇ ਕਿਹਾ ਕਿ ਵਿਗਿਆਨਕ ਵਿਚਾਰਾਂ ਦਾ ਦੀਪ ਜਗਾਉਣਾ ਸਮੇਂ ਦੀ ਅਹਿਮ ਜ਼ਰੂਰਤ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਵਿਗਿਆਨਕ ਸੋਚ ਅਪਣਾਉਣ ਦਾ ਸੁਨੇਹਾ ਵੀ ਦਿੱਤਾ। ਸਨਮਾਨ ਸਮਾਰੋਹ ਦੌਰਾਨ ਇਸ ਪ੍ਰੀਖਿਆ ਦੇ ਵੱਖ-ਵੱਖ ਵਰਗਾਂ ਵਿੱਚੋਂ ਮੋਹਰੀ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ/ਵਿਦਿਆਰਥਣਾਂ ਪ੍ਰਨੀਤ ਕੌਰ, ਹਰਮਨਦੀਪ ਕੌਰ, ਗਗਨਦੀਪ ਸਿੰਘ, ਅਵੀ ਗੋਇਲ, ਧਰੁਵ, ਅੰਸ਼ ਕੁਮਾਰ, ਤਰਨਵੀਰ ਕੌਰ ਰੰਕਿਤਾ, ਮਨਜੋਤ ਕੌਰ, ਭਾਸਕਰ, ਜੈਸਮੀਨ ਕੌਰ, ਕਨਿਕਾ, ਜੈਸਮੀਨ ਕੌਰ ਦੇ ਨਾਲ-ਨਾਲ ਪ੍ਰੀਖਿਆ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦਾ ਸਨਮਾਨ ਵੀ ਕੀਤਾ ਗਿਆ।ਇਸ ਸਮੇਂ ਸਕੂਲ ਦੇ ਵਾਈਸ ਪ੍ਰਿੰਸੀਪਲ ਕੇਤਨ ਕੁਮਾਰ ਤੋਂ ਇਲਾਵਾ ਸੀਨੀਅਰ ਅਧਿਆਪਕ ਬਨੀਤਾ ਰਾਣੀ, ਮਨਜੀਤ ਕੌਰ, ਰੁਚੀ ਗੁਪਤਾ, ਸੰਦੀਪ ਕੌਰ, ਸ਼ਿਲਪੀ ਰਾਣੀ ਆਦਿ ਹਾਜ਼ਰ ਸਨ।

ਬੀ ਕੇ ਯੂ ਖੋਸਾ ਵੱਲੋਂ ਰਸੌਲੀ ਇਕਾਈ ਦਾ ਗਠਨ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਪੰਜਾਬ ਅੰਦਰ ਕਿਸਾਨਾਂ ਲਈ ਸੰਘਰਸ ਕਰ ਰਹੀਆਂ ਕਿਸਾਨ ਜਥੇਬੰਦੀਆਂ ਵੱਲੋਂ ਆਪਣੀ ਤਾਕਤ ਵਧਾਉਣ ਲਈ ਲਗਾਤਾਰ ਪੇਂਡੂ ਇਕਾਈਆਂ ਦਾ ਗਠਨ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਭਾਰਤੀ ਕਿਸਾਨ ਯੂਨੀਅਨ ਖੋਸਾ ਵੱਲੋਂ ਰਸੌਲੀ ਵਿਖੇ ਇਕਾਈ ਦਾ ਗਠਨ ਕੀਤਾ ਗਿਆ ਹੈ। ਰਸੌਲੀ ਇਕਾਈ ਦੇ ਨਵ ਨਿਯੁਕਤ ਪ੍ਰਧਾਨ ਜਸਵੰਤ ਸਿੰਘ ਸੰਧੂ ਨੇ ਦੱਸਿਆ ਕਿ ਉਹ ਆਪਣੇ ਸਾਥੀਆਂ ਸਮੇਤ ਸ਼ੁਰੂ ਤੋਂ ਹੀ ਕਿਸਾਨੀ ਸੰਘਰਸ਼ ਨਾਲ ਜੁੜੇ ਹੋਏ ਹਨ। ਕਿਸਾਨਾਂ ਨੂੰ ਲਾਮਬੰਦ ਕਰਨ ਦੇ ਮਕਸਦ ਨਾਲ ਉਨ੍ਹਾਂ ਭਾਰਤੀ ਕਿਸਾਨ ਯੂਨੀਅਨ ਖੋਸਾ ਦੇ ਪ੍ਰਧਾਨ ਸੁਖਜਿੰਦਰ ਸਿੰਘ ਖੋਸਾ ਵੱਲੋਂ ਕੀਤੇ ਜਾ ਰਹੇ ਕਿਸਾਨੀ ਸੰਘਰਸ ਤੋਂ ਪ੍ਰਭਾਵਤ ਹੋ ਕੇ ਪਿੰਡ ਵਿੱਚ ਇਕਾਈ ਦਾ ਗਠਨ ਕੀਤਾ ਹੈ। ਇਕਾਈ ਦੇ ਗਠਨ ਮੌਕੇ ਸੂਬਾ ਮੀਤ ਪ੍ਰਧਾਨ ਜਸਬੀਰ ਸਿੰਘ ਢੋਲੇਵਾਲ, ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਸ਼ੇਰਗੜ੍ਹ, ਸੀਨੀਅਰ ਮੀਤ ਪ੍ਰਧਾਨ ਜਗਸੀਰ ਸਿੰਘ ਧਾਲੀਵਾਲ ਪ੍ਰੈਸ ਸਕੱਤਰ ਯੁਵਰਾਜ ਸਿੰਘ ਬਾਠ, ਮੀਤ ਪ੍ਰਧਾਨ ਗੁਰਚਰਨ ਸਿੰਘ ਧਾਲੀਵਾਲ, ਕੈਸ਼ੀਅਰ ਗੁਰਪ੍ਰੀਤ ਸਿੰਘ ਧਾਲੀਵਾਲ, ਮੈਂਬਰ ਨਸੀਬ ਸਿੰਘ ਬਾਠ, ਅਮਨਦੀਪ ਸਿੰਘ ਬਾਠ, ਸੁਖਦੇਵ ਸਿੰਘ ਨੰਬਰਦਾਰ,ਸ਼ੁਰਜੀਤ ਸਿੰਘ ਧਾਲੀਵਾਲ, ਜਸਕਰਨ ਸਿੰਘ ਧਾਲੀਵਾਲ, ਬਲਕਾਰ ਸਿੰਘ ਸੋਢੋਂ, ਸੰਤੋਖ ਸਿੰਘ ਸੰਧੂ, ਪ੍ਰਗਟ ਸਿੰਘ ਬਾਠ, ਦਿਲਬਾਗ ਸਿੰਘ, ਅਜੀਤ ਸਿੰਘ ਬਾਠ, ਨਛੱਤਰ ਸਿੰਘ ਸੰਧੂ, ਸੁਖਚੈਨ ਸਿੰਘ, ਨਿਰਭੈ ਸਿੰਘ, ਕੁਲਵੀਰ ਸਿੰਘ, ਕੁਲਦੀਪ ਸਿੰਘ, ਗੁਰਦੀਪ ਸਿੰਘ, ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

ਰੋਜ਼ੀ ਬਰਕੰਦੀ ਨੇ ਅਕਾਲੀ ਦਲ ਦੀ ਮੈਂਬਰਸ਼ਿਪ ਮੁਹਿੰਮ ਦੀ ਸ਼ੁਰੂਆਤ ਕੀਤੀ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਪਿੰਡ ਬਰਕੰਦੀ ਤੋਂ ਸਾਬਕਾ ਵਿਧਾਇਕ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਨੇ ਅਕਾਲੀ ਦਲ ਦੀ ਮੈਂਬਰਸ਼ਿਪ ਅਭਿਆਨ ਦੀ ਸ਼ੁਰੂਆਤ ਕੀਤੀ।ਇਸ ਮੌਕੇ ਉਨ੍ਹਾਂ ਆਪਣੀ ਮੈਂਬਰਸ਼ਿਪ ਅਭਿਆਨ ਨੂੰ ਆਧਿਕਾਰਕ ਤੌਰ 'ਤੇ ਸ਼ੁਰੂ ਕੀਤਾ।ਉਨ੍ਹਾਂ ਕਿਹਾ ਕਿ ਮੁਕਤਸਰ ਵਿਧਾਨ ਸਭਾ ਹਲਕੇ ਤੋਂ ਕਰੀਬ 50 ਹਜ਼ਾਰ ਲੋਕ ਅਕਾਲੀ ਦਲ ਦੇ ਮੈਂਬਰ ਬਣੇਗੇ।ਸਾਬਕਾ ਵਿਧਾਇਕ ਨੇ ਕਿਹਾ ਕਿ ਪਾਰਟੀ ਦੇ ਹੁਕਮਾਂ ਅਨੁਸਾਰ, ਮੈਂ ਪਿੰਡ ਬਰਕੰਦੀ ਤੋਂ ਆਪਣੀ ਮੈਂਬਰਸ਼ਿਪ ਦੀ ਸ਼ੁਰੂਆਤ ਕੀਤੀ ਹੈ।ਮੈਨੂੰ ਉਮੀਦ ਹੈ ਕਿ ਇਸ ਮੈਂਬਰਸ਼ਿਪ ਅਭਿਆਨ ਵਿੱਚ ਤੁਸੀਂ ਸਭ ਆਪਣਾ ਵੱਧ ਤੋਂ ਵੱਧ ਸਹਿਯੋਗ ਦਿਓਗੇ ਤੇ ਪਾਰਟੀ ਨੂੰ ਮਜ਼ਬੂਤ ਕਰੋਗੇ।

ਕੰਵਰਜੀਤ ਸਿੰਘ ਨੇ ਕਿਹਾ ਕਿ ਅਕਾਲੀ ਦਲ ਦਾ ਇਹ ਅਭਿਆਨ ਪਾਰਟੀ ਨੂੰ ਜਮੀਨੀ ਪੱਧਰ 'ਤੇ ਮਜ਼ਬੂਤ ਕਰਨ ਦੀ ਕੋਸ਼ਿਸ਼ ਹੈ।ਇਸ ਅਭਿਆਨ ਨਾਲ ਲੋਕਾਂ ਨੂੰ ਅਕਾਲੀ ਦਲ ਦੀ ਨੀਤੀਆਂ ਅਤੇ ਵਿਚਾਰਧਾਰਾ ਨਾਲ ਜੋੜਨ ਦਾ ਮੌਕਾ ਮਿਲੇਗਾ। ਪ੍ਰੋਗਰਾਮ ਵਿੱਚ ਵੱਡੀ ਗਿਣਤੀ ਵਿੱਚ ਅਕਾਲੀ ਆਗੂਆਂ ਤੇ ਸਥਾਨਕ ਨਿਵਾਸੀਆਂ ਨੇ ਹਿੱਸਾ ਲਿਆ।ਇਹ ਅਭਿਆਨ ਅਕਾਲੀ ਦਲ ਨੂੰ ਦੁਬਾਰਾ ਮਜ਼ਬੂਤ ਕਰਨ ਅਤੇ ਜਨਤਾ ਵਿਚ ਉਸਦੀ ਪਕੜ ਵਧਾਉਣ ਦੇ ਉਦੇਸ਼ ਨਾਲ ਸ਼ੁਰੂ ਕੀਤਾ ਗਿਆ ਹੈ।ਇਸ ਮੌਕੇ ਹਾਜ਼ਰ ਲੋਕਾਂ ਨੇ ਮੈਂਬਰਸ਼ਿਪ ਅਭਿਆਨ ਲਈ ਆਪਣੇ ਪੂਰਨ ਸਹਿਯੋਗ ਦਾ ਵਿਸ਼ਵਾਸ਼ ਦਿੱਤਾ ਤੇ ਪਾਰਟੀ ਪ੍ਰਤੀ ਆਪਣੀ ਨਿਸ਼ਠਾ ਜਤਾਈ।ਅਕਾਲੀ ਦਲ ਦੇ ਇਸ ਕਦਮ ਨੂੰ ਪਾਰਟੀ ਦੇ ਪੁਨਰਥਾਨ ਲਈ ਇੱਕ ਮਹੱਤਵਪੂਰਨ ਯਤਨ ਮੰਨਿਆ ਜਾ ਰਿਹਾ ਹੈ।ਇਸ ਮੌਕੇ ਅਕਾਲੀ ਦਲ ਦੀ ਕੌਮੀ ਪ੍ਰਧਾਨ ਹਰਗੋਬਿੰਦ ਕੌਰ ਸਮੇਤ ਕਈ ਸੀਨੀਅਰ ਆਗੂ ਹਾਜ਼ਰ ਸਨ।

ਸਰਕਾਰੀ ਪੀ ਸੀ ਐੱਮ ਐੱਸ ਮੈਡੀਕਲ ਅਫ਼ਸਰਾਂ ਦੀ ਹੜਤਾਲ 4 ਦਿਨਾਂ ਲਈ ਟਲੀ

ਪਟਿਆਲਾ (ਰਾਜਿੰਦਰ ਸਿੰਘ ਬਿੰਦ)-ਪੰਜਾਬ ਦੇ ਸਰਕਾਰੀ ਪੀਸੀਐਮਐਸ ਮੈਡੀਕਲ ਅਫ਼ਸਰਾਂ ਵੱਲੋਂ 20 ਜਨਵਰੀ ਤੋਂ ਹੜਤਾਲ 'ਤੇ ਚਲੇ ਜਾਣ ਦੇ ਕੀਤੇ ਐਲਾਨ ਨੂੰ 4 ਦਿਨਾਂ ਲਈ ਟਾਲ ਦਿੱਤਾ ਗਿਆ ਹੈ। ਪੀਸੀਐਮਐਸਏ ਪੰਜਾਬ ਦੇ ਨੁਮਾਇੰਦਿਆਂ ਵੱਲੋਂ ਸਿਹਤ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਹੋਈ ਮੀਟਿੰਗ ਉਪਰੰਤ ਹੜਤਾਲ 4 ਦਿਨ ਲਈ ਮੁਲਤਵੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਪੀਸੀਐਮਐਸਏ ਪਟਿਆਲਾ ਯੂਨਿਟ ਦੇ ਪ੍ਰਧਾਨ ਡਾ. ਸੁਮੀਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਸੁਰੱਖਿਆ ਅਤੇ ਤਰੱਕੀਆਂ ਦੇ ਮੁੱਦਿਆਂ 'ਤੇ ਕੀਤੀ ਜਾ ਰਹੀ ਢਿੱਲ ਸਬੰਧੀ ਸੰਘਰਸ਼ ਦਾ ਐਲਾਨ ਕੀਤਾ ਸੀ, ਉਸ ਸਬੰਧੀ ਮੋਗਾ ਵਿਖੇ ਸਾਰੀਆਂ ਜ਼ਿਲ੍ਹਾ ਇਕਾਈਆਂ ਦੀ ਜਨਰਲ ਬਾਡੀ ਦੀ ਮੀਟਿੰਗ ਕੀਤੀ ਗਈ, ਜਿਸ ਦੌਰਾਨ ਅਧਿਕਾਰੀਆਂ ਨਾਲ ਹੋਈ ਹਾੱਪੱਖੀ ਮੀਟਿਗ ਕਾਰਨ ਹੜਤਾਲ ਕੁਝ ਦਿਨ ਨਾ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਜੋ ਪ੍ਰਸਤਾਵ ਤਿਆਰ ਕੀਤਾ ਗਿਆ ਸੀ, 'ਤੇ ਵਿਸਥਾਰ ਨਾਲ ਚਰਚਾ ਉਪਰੰਤ ਪੀਸੀਐਮਐਸਏ ਦੁਆਰਾ ਉਸਦਾ ਸਮਰਥਨ ਕੀਤਾ ਗਿਆ। ਉਨ੍ਹਾਂ ਦੱਸਿਆ ਪੀਸੀਐਮਐਸਏ ਭਰੋਸਾ ਦਿੱਤਾ ਗਿਆ ਕਿ ਲੋੜੀਂਦੀ ਨੋਟੀਫਿਕੇਸ਼ਨ ਜਲਦੀ ਜਾਰੀ ਕੀਤੀ ਜਾਵੇਗੀ। ਇਸ ਲਈ ਪੀਸੀਐੱਮਐੱਸਏ ਜਨਤਕ ਸਿਹਤ ਸੰਭਾਲ ਨੂੰ ਵੇਖਦੇ ਹੋਏ ਵਿਭਾਗ ਨੂੰ ਲੋੜੀਂਦਾ ਸਮਾਂ ਦਿੰਦੇ ਹੋਏ ਅੰਦੋਲਨ ਦਾ ਸੱਦਾ ਚਾਰ ਦਿਨਾਂ ਲਈ ਮੁਲਤਵੀ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਐਸੋਸੀਏਸਨ ਦੀ ਅਗਲੀ ਜਨਰਲ ਬਾਡੀ ਮੀਟਿੰਗ ਫਿਰ ਤੋਂ 23 ਜਨਵਰੀ ਨੂੰ ਸਾਮ 5 ਵਜੇ ਹੋਵੇਗੀ। ਉਸ ਵਿੱਚ ਮੌਕੇ ਦੀ ਸਥਿਤੀ ਅਨੁਸਾਰ ਰੂਪ ਰੇਖਾ ਵੇਖ ਕੇ ਸੰਘਰਸ਼ ਦੀ ਅਗਲੀ ਨੀਤੀ ਉਲੀਕੀ ਜਾਵੇਗੀ।

ਬਾਗੜੀਆਂ ਨੇੜੇ ਡੀਜ਼ਲ ਦਾ ਭਰਿਆ ਟੈਂਕਰ ਸੜ ਕੇ ਸਵਾਹ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸਰਹਿੰਦ-ਪਟਿਆਲਾ ਮਾਰਗ ਤੇ ਪੈਂਦੇ ਪਿੰਡ ਬਾਗੜੀਆਂ ਨਜ਼ਦੀਕ ਅੱਜ ਦੁਪਹਿਰ ਡੀਜ਼ਲ ਦਾ ਭਰਿਆ ਇੱਕ ਟੈਂਕਰ ਅੱਗ ਨਾਲ ਸੜ ਕੇ ਸਵਾਹ ਹੋ ਗਿਆ ਹਾਲਾਂਕਿ ਇਸ ਹਾਦਸੇ ਚ ਕਿਸੇ ਕਿਸਮ ਦੇ ਜਾਨੀ ਨੁਕਸਾਨ ਦੀ ਕੋਈ ਸੂਚਨਾ ਨਹੀਂ ਹੈ।ਸਰਹਿੰਦ ਫਾਇਰ ਸਰਵਿ

21-Jan-PAGE--8.qxd 1/20/2025 10:41 PM Page 1

4030 ਲੀਟਰ ਜ਼ਹਿਰੀਲੀ ਰਸਾਇਣਕ ਸ਼ਰਾਬ ਜ਼ਬਤ

ਮਹਿਤਪੁਰ (ਰਾਜਾ)- ਇੱਕ ਮਹੱਤਵਪੂਰਨ ਸਫਲਤਾ ਵਿੱਚ ਮਹਿਤਪੁਰ ਪੁਲਸ ਸਟੇਸ਼ਨ ਦੇ ਅਧਿਕਾਰ ਖੇਤਰ ਅਧੀਨ ਜਲੰਧਰ ਦਿਹਾਤੀ ਪੁਲਸ ਨੇ 18 ਜਨਵਰੀ ਦੀ ਰਾਤ ਨੂੰ ਮਹਿਤਪੁਰ ਦੀ ਹਵੇਲੀ ਟਾਵਰ ਕਲੋਨੀ ਵਿੱਚ ਇੱਕ ਅਸਥਾਈ ਗੈਰ-ਕਾਨੂੰਨੀ ਉਤਪਾਦਨ ਯੂਨਿਟ ਤੋਂ 4030 ਲੀਟਰ ਜ਼ਹਿਰੀਲੀ ਰਸਾਇਣਕ-ਅਧਾਰਤ ਸ਼ਰਾਬ ਬਰਾਮਦ ਕੀਤੀ। ਇਹ ਕਾਰਵਾਈ ਐਸ ਪੀ ਇਨਵੈਸਟੀਗੇਸ਼ਨ ਜਸਰੂਪ ਕੌਰ ਬਾਠ ਦੇ ਨਿਰਦੇਸ਼ਾਂ 'ਤੇ ਸ਼ੁਰੂ ਕੀਤੀ ਗਈ। ਇਸ ਕਾਰਵਾਈ ਦੀ ਅਗਵਾਈ ਡੀ ਐਸ ਪੀ ਸ਼ਾਹਕੋਟ ਓਂਕਾਰ ਸਿੰਘ ਬਰਾੜ, ਇੰਸਪੈਕਟਰ ਸੁਖਦੇਵ ਸਿੰਘ, ਐਸ ਐਚ ਓ ਮਹਿਤਪੁਰ ਅਤੇ ਉਨ੍ਹਾਂ ਦੀ ਟੀਮ ਨੇ ਕੀਤੀ। ਮੀਡੀਆ ਨਾਲ ਗੱਲ ਕਰਦੇ ਹੋਏ ਸੀਨੀਅਰ ਪੁਲਸ ਕਪਤਾਨ ਹਰਕਮਲ ਪ੍ਰੀਤ ਸਿੰਘ ਖੱਖ ਨੇ ਕਿਹਾ ਕਿ ਮਹਿਤਪੁਰ ਵਿੱਚ ਇੱਕ ਹਫਤੇ ਚੱਲੇ ਆਪ੍ਰੇਸ਼ਨ ਦੌਰਾਨ ਪੁਲਸ ਬਦਨਾਮ ਤਸਕਰਾਂ ਝਿਲਮਨ ਸਿੰਘ ਉਰਫ ਨਿੰਮਾ, ਜਸਪਾਲ ਸਿੰਘ ਉਰਫ ਪਾਲੀ ਅਤੇ ਜਸਵਿੰਦਰ ਕੌਰ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖ ਰਹੀ ਸੀ। ਪਹਿਲਾਂ ਕੀਤੀ ਗਈ ਇੱਕ ਛਾਪੇਮਾਰੀ ਵਿੱਚ ਉਨ੍ਹਾਂ ਦੇ ਕਬਜੇ ਵਿੱਚੋਂ 68 ਕਿਲੋਗ੍ਰਾਮ ਕੁਚਲੀ ਭੁੱਕੀ ਅਤੇ 150 ਲੀਟਰ ਰਸਾਇਣਕ ਸ਼ਰਾਬ ਬਰਾਮਦ ਕੀਤੀ ਗਈ ਸੀ। ਖੁਫੀਆ ਜਾਣਕਾਰੀ ਦੇ ਆਧਾਰ 'ਤੇ ਹਵੇਲੀ ਟਾਵਰ ਕਲੋਨੀ, ਮਹਿਤਪੁਰ ਵਿਖੇ ਝਿਲਮਨ ਸਿੰਘ ਉਰਫ ਨਿੰਮਾ ਨਾਲ ਸਬੰਧਤ ਅਹਾਤੇ 'ਤੇ ਛਾਪਾ ਮਾਰਿਆ ਗਿਆ। ਪੁਲਸ ਨੇ ਸ਼ਰਾਬ ਦੇ ਉਤਪਾਦਨ ਲਈ ਵਰਤੇ ਜਾਣ ਵਾਲੇ ਜ਼ਹਿਰੀਲੇ ਰਸਾਇਣਾਂ ਦੇ ਲੁਕਵੇਂ ਭੰਡਾਰਨ ਨਾਲ ਸਬੰਧਤ ਇੱਕ ਵੱਡੇ ਪੱਧਰ 'ਤੇ ਕਾਰਵਾਈ ਦਾ ਪਰਦਾਫਾਸ਼ ਕੀਤਾ। ਫਰਸ਼ ਦੇ ਹੇਠਾਂ ਲੁਕੋ ਕੇ ਰੱਖੇ ਹੋਏ ਦੋ 1000 ਲੀਟਰ ਪਲਾਸਟਿਕ ਟੈਂਕ ਮਿਲੇ, ਜਿਨ੍ਹਾਂ ਦਾ ਪਤਾ ਇੱਕ ਭੂਮੀਗਤ ਪੰਪ ਸਿਸਟਮ ਨਾਲ ਬਿਜਲੀ ਦੀਆਂ ਤਾਰਾਂ ਦੀ ਪਾਲਣਾ ਕਰਕੇ ਲਗਾਇਆ ਗਿਆ। ਵਾਧੂ ਬਰਾਮਦਗੀਆਂ ਵਿੱਚ 30 ਰਸਾਇਣਾਂ ਨਾਲ ਭਰੇ ਪਲਾਸਟਿਕ ਬੈਗ, ਦੋ 200 ਲੀਟਰ ਪਲਾਸਟਿਕ ਡਰੰਮ, ਇੱਕ 500 ਲੀਟਰ ਪਲਾਸਟਿਕ ਟੈਂਕ, ਬਾਲਟੀਆਂ, ਪਲਾਸਟਿਕ ਦੇ ਲਿਫਾਫੇ ਅਤੇ ਹੋਰ ਪੈਕਿੰਗ ਸਮੱਗਰੀ ਸ਼ਾਮਲ ਹੈ। ਕੁੱਲ ਜ਼ਬਤ ਕੀਤੀ ਗਈ 4030 ਲੀਟਰ ਜ਼ਹਿਰੀਲੀ ਸ਼ਰਾਬ ਅਤੇ ਰਸਾਇਣ ਸਨ, ਜੋ ਕਿ ਖੇਤਰ ਵਿੱਚ ਗੈਰ-ਕਾਨੂੰਨੀ ਸ਼ਰਾਬ ਦੇ ਵਪਾਰ ਨੂੰ ਇੱਕ ਵੱਡਾ ਝਟਕਾ ਹੈ। ਜਾਂਚ ਤੋਂ ਪਤਾ ਲੱਗਾ ਹੈ ਕਿ ਝਿਲਮਨ ਸਿੰਘ ਉਰਫ ਨਿੰਮਾ ਦੀ ਅਗਵਾਈ ਵਾਲੇ ਤਸਕਰ ਨੈੱਟਵਰਕ ਨੇ ਸਾਥੀਆਂ ਜਸਪਾਲ ਸਿੰਘ ਉਰਫ ਪਾਲੀ ਅਤੇ ਗੁਰਦੀਪ ਸਿੰਘ ਉਰਫ ਦੀਪਾ ਦੀ ਮਦਦ ਨਾਲ ਰਸਾਇਣਾਂ ਨਾਲ ਭਰੀ ਸ਼ਰਾਬ ਦਾ ਸਰਗਰਮੀ ਨਾਲ ਉਤਪਾਦਨ ਅਤੇ ਵੰਡ ਕੀਤੀ। ਰਸਾਇਣਾਂ ਨੂੰ ਇੱਕ ਸਪਲਾਈ ਚੇਨ ਰਾਹੀਂ ਪ੍ਰਾਪਤ ਕੀਤਾ ਜਾਂਦਾ ਸੀ ਅਤੇ ਖੇਤਰ ਦੇ ਹੋਰ ਤਸਕਰਾਂ ਨੂੰ ਪਚੂਨ ਕੀਤਾ ਜਾਂਦਾ ਸੀ। ਮੁਲਜ਼ਮਾਂ ਵਿਰੁੱਧ ਥਾਣਾ ਮਹਿਤਪੁਰ ਜ਼ਿਲ੍ਹਾ ਜਲੰਧਰ ਅਧੀਨ ਕੇਸ ਦਰਜ ਕੀਤਾ ਗਿਆ ਹੈ। ਸ਼ੱਕੀਆਂ ਨੂੰ ਫੜਨ ਲਈ ਛਾਪੇ ਮਾਰੇ ਜਾ ਰਹੇ ਹਨ, ਜੋ ਆਪਣੇ ਪਰਵਾਰਾਂ ਨਾਲ ਇਲਾਕੇ ਤੋਂ ਭੱਜ ਗਏ ਸਨ। ਉਨ੍ਹਾਂ ਦੀ ਗ੍ਰਿਫਤਾਰੀ ਨੂੰ ਯਕੀਨੀ ਬਣਾਉਣ ਲਈ ਵਿਸ਼ੇਸ਼ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ।

ਡੀ ਏ ਵੀ ਫਿਲੌਰ ਸਕੂਲ ਨੇ ਯੂ ਐੱਸ ਓ ਰਾਸ਼ਟਰੀ ਪ੍ਰੀਖਿਆਵਾਂ 'ਚ ਦਿਖਾਇਆ ਕਮਾਲ

ਫਿਲੌਰ (ਹਰਜਿੰਦਰ ਕੌਰ ਚਾਹਲ)- ਡੀ ਆਰ ਵੀ ਡੀ ਏ ਵੀ ਸੈਂਟੇਨਰੀ ਪਬਲਿਕ ਸਕੂਲ ਫਿਲੌਰ ਦੇ ਵਿਦਿਆਰਥੀਆਂ ਨੇ 74ਵੀਂ ਯੂ ਐਸ ਓ ਰਾਸ਼ਟਰੀ ਸਧਾਰਨ ਗਿਆਨ ਪ੍ਰੀਖਿਆ ਅਤੇ 8ਵੀਂ ਰਾਸ਼ਟਰੀ ਆਈ ਟੀ ਅਤੇ ਏ ਆਈ ਪ੍ਰੀਖਿਆ 2024 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਦਾ ਮਾਣ ਵਧਾਇਆ ਹੈ। ਵਿਦਿਆਰਥੀਆਂ ਦੀ ਕਾਬਲੀਅਤ ਦਾ ਜਸ਼ਨ ਸਕੂਲ ਵਿੱਚ ਮਨਾਇਆ ਜਾ ਗਿਆ । ਕਲਾਸ 11ਵੀਂ (ਸਾਇੰਸ) ਦੀ ਵਿਦਿਆਰਥਣ ਦਿਵਿਆ ਆਹੂਜਾ ਨੇ ਰਾਸ਼ਟਰੀ ਵਿਜੇਤਾ ਦਾ ਮਾਣ ਪ੍ਰਾਪਤ ਕੀਤਾ। ਦਿਵਿਆ ਨੂੰ ਉਤਕ੍ਰਿਸ਼ਟ ਪ੍ਰਦਰਸ਼ਨ ਲਈ ਸਰਟੀਫਿਕੇਟ ਆਫ ਐਕਸੀਲੈਂਸ, ਤਮਗਾ, ਯੂ ਐਸ ਓ ਬੈਕਪੈਕ ਅਤੇ ਰਾਸ਼ਟਰੀ ਵਿਜੇਤਾ ਬੈਜ ਨਾਲ ਸਨਮਾਨਤ ਕੀਤਾ ਗਿਆ।ਕਲਾਸ 8ਵੀਂ ਬੀ ਦੀ ਵਿਦਿਆਰਥਣ ਦੀਪਲ ਅਰੋੜਾ ਨੇ ਆਪਣੀ ਸ਼੍ਰੇਣੀ ਵਿੱਚ ਸਕੂਲ ਟੌਪਰ ਬਣਦਿਆਂ ਸਰਟੀਫਿਕੇਟ ਆਫ ਅਚੀਵਮੈਂਟ, ਤਮਗਾ ਅਤੇ ਸਕੂਲ ਟੌਪਰ ਬੈਜ ਪ੍ਰਾਪਤ ਕੀਤਾ।ਕਲਾਸ 6ਵੀਂ ਬੀ ਦੇ ਸਹਿਜ ਨੇ ਵੀ ਜੂਨੀਅਰ ਸ਼੍ਰੇਣੀ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਟੌਪਰ ਦਾ ਮਾਣ ਹਾਸਲ ਕੀਤਾ। ਉਸ ਨੂੰ ਸਰਟੀਫਿਕੇਟ ਆਫ ਅਚੀਵਮੈਂਟ, ਤਮਗਾ ਅਤੇ ਸਕੂਲ ਟੌਪਰ ਬੈਜ ਨਾਲ ਸਨਮਾਨਤ ਕੀਤਾ ਗਿਆ।ਸਕੂਲ ਦੇ ਪ੍ਰਿੰਸੀਪਲ ਡਾ. ਯੋਗੇਸ਼ ਗੰਭੀਰ ਅਤੇ ਪ੍ਰਬੰਧਕ ਕਮੇਟੀ ਨੇ ਸਾਰ। ਮਾਪਿਆਂ ਦੀ ਪ੍ਰਸ਼ੰਸਾ ਕੀਤੀ ਅਤੇ ਮੁਬਾਰਕਾਂ ਦਿੰਦਿਆਂ ਦਿਵਿਆ ਆਹੂਜਾ ਨੂੰ ਵਿਸ਼ੇਸ਼ ਤੌਰ 'ਤੇ ਦੋਵੇਂ ਪ੍ਰੀਖਿਆਵਾਂ ਵਿੱਚ ਵਿਸ਼ੇਸ਼ ਉਪਲਬਧੀਆਂ ਲਈ ਮੁਬਾਰਕਬਾਦ ਦਿੱਤੀ।

ਕੇਂਦਰ ਵੱਲੋਂ ਗੱਲਬਾਤ ਦਾ ਸੱਦਾ ਆਉਣ 'ਤੇ ਬੜੌਦੀ ਟੋਲ ਪਲਾਜ਼ਾ 'ਤੇ ਲੱਗਾ ਪੱਕਾ ਮੋਰਚਾ ਚੁੱਕਿਆ

ਮੋਹਾਲੀ (ਗੁਰਜੀਤ ਬਿੱਲਾ)- ਕੇਂਦਰ ਸਰਕਾਰ ਵੱਲੋਂ ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੀਆਂ ਕਿਸਾਨ ਧਿਰਾਂ ਨੂੰ ਗੱਲਬਾਤ ਦਾ ਸੱਦਾ ਆਉਣ 'ਤੇ ਬੜੌਦੀ ਟੋਲ ਪਲਾਜ਼ਾ 'ਤੇ ਬੈਨੀਪਾਲ ਗਰੁੱਪ ਵੱਲੋਂ ਲਗਾਇਆ ਗਿਆ ਲਗਾਤਾਰ ਭੁੱਖ ਹੜਤਾਲ ਦਾ ਮੋਰਚਾ ਹਾਲ ਦੀ ਘੜੀ ਚੁੱਕ ਲਿਆ ਗਿਆ ਹੈ। ਇਸ ਸਬੰਧੀ ਮੋਰਚੇ ਦੇ ਸਰਗਰਮ ਆਗੂ ਹਰਨੇਕ ਸਿੰਘ ਮਾਵੀ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ 14 ਫਰਬਰੀ ਨੂੰ ਗੱਲਬਾਤ ਦਾ ਸੱਦਾ ਆਉਣ 'ਤੇ ਮਰਨ ਵਰਤ ਉੱਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਵੱਲੋਂ ਡਾਕਟਰੀ ਸਹਾਇਤਾ ਲੈਣ ਤੇ 111 ਮੈਂਬਰੀ ਜਥੇ ਵੱਲੋਂ ਘਨੌਰੀ ਬਾਰਡਰ 'ਤੇ ਮਰਨ ਵਰਤ ਹਾਲ ਦੀ ਘੜੀ ਚੁੱਕਣ ਦੀ ਰੌਸ਼ਨੀ ਵਿੱਚ ਅੱਜ ਲਗਾਤਾਰ 31ਵੇਂ ਦਿਨ ਵਿੱਚ ਦਾਖਲ ਹੋ ਚੁੱਕੇ ਬੜੌਦੀ ਟੋਲ ਪਲਾਜ਼ਾ ਤੇ ਬੈਨੀਪਾਲ ਗਰੁੱਪ ਵੱਲੋਂ ਚਲਾਇਆ ਜਾ ਰਿਹਾ ਭੁੱਖ ਹੜਤਾਲ ਕੈਂਪ ਹਾਲ ਦੀ ਘੜੀ ਵਾਪਸ ਲੈ ਲਿਆ ਗਿਆ ਹੈ। ਲੱਗਭਗ ਇੱਕ ਦਹਾਕੇ ਪਹਿਲਾਂ 2015 ਵਿੱਚ ਬੜੌਦੀ ਟੋਲ ਪਲਾਜ਼ਾ ਦੇ ਵਿਰੋਧ ਵਿੱਚ ਸ਼ੁਰੂ ਹੋਇਆ ਬੜੌਦੀ ਟੋਲ ਪਲਾਜ਼ਾ ਮੋਰਚਾ ਹੁਣ ਇਲਾਕੇ ਦੀਆਂ ਸੰਘਰਸ਼ਮਈ ਧਿਰਾਂ ਲਈ ਸੰਘਰਸ਼ ਦਾ ਮੁੱਢ ਬਣ ਗਿਆ ਹੈ। ਇਸ ਮੋਰਚੇ ਨੂੰ ਸਫਲਤਾ ਪੂਰਵਕ ਅੱਗੇ ਵਧਾਉਣ ਵਿੱਚ ਭਾਗ ਸਿੰਘ ਫਾਂਟਵਾ, ਰਣਵੀਰ ਸਿੰਘ ਕਾਦੀਮਾਜਰਾ, ਬਲਵਿੰਦਰ ਸਿੰਘ ਸਾਧਾ, ਲਖਵੀਰ ਸਿੰਘ ਜੈਂਟੀ, ਮੇਵਾ ਸਿੰਘ ਖਿਜਰਾਬਾਦ ਆਦਿ ਦਾ ਮੋਹਰੀ ਰੋਲ ਰਿਹਾ। ਅੱਜ ਮੋਰਚਾ ਚੁੱਕਣ ਵੇਲੇ ਸਮੂਹ ਚਤਾਮਲੀ ਨਿਵਾਸੀ ਕ੍ਰਮਵਾਰ ਸਰਜਾ ਸਿੰਘ,ਪਾਲ ਸਿੰਘ, ਸੁਰਜੀਤ ਸਿੰਘ, ਮੋਹਣ ਸਿੰਘ, ਹਰਬੰਸ ਸਿੰਘ ਆਦਿ ਭੁੱਖ ਹੜਤਾਲ 'ਤੇ ਬੈਠੇ ਸਨ।

ਫਗਵਾੜਾ ਪੱਤਰਕਾਰ ਸੰਗਠਨ ਦੀ ਵਿਸ਼ੇਸ਼ ਮਹੀਨਾਵਾਰ ਮੀਟਿੰਗ

ਫਗਵਾੜਾ (ਡਾ. ਰਮਨ)- ਫਗਵਾੜਾ ਪੱਤਰਕਾਰ ਸੰਗਠਨ (ਰਜਿ.) ਫਗਵਾੜਾ ਦੀ ਇੱਕ ਵਿਸ਼ੇਸ਼ ਮਹੀਨਾਵਾਰ ਮੀਟਿੰਗ ਪ੍ਰਿੰਸ ਪ੍ਰਾਪਰਟੀ ਸਤਨਾਮਪੁਰਾ ਵਿਖੇ ਪ੍ਰਧਾਨ ਡਾ. ਰਮਨ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਸੰਗਠਨ ਵਲੋਂ ਕੀਤੇ ਜਾ ਰਹੇ ਸਮਾਜ ਸੇਵੀ ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਪੱਤਰਕਾਰੀ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਵੀ ਗੱਲਬਾਤ ਕੀਤੀ ਗਈ ਕਿ ਕਿਵੇਂ ਪੱਤਰਕਾਰਤਾ ਦੇ ਖੇਤਰ ਵਿੱਚ ਸਮਾਜ ਅੰਦਰ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਨਾ ਹੈ। ਇਸ ਮੌਕੇ ਸੰਗਠਨ ਵਲੋਂ ਅਗਲੇ ਦਿਨਾਂ 'ਚ ਕਰਨ ਵਾਲੇ ਪ੍ਰੋਜੈਕਟਾਂ ਬਾਰੇ ਵੀ ਚਰਚਾ ਕੀਤੀ ਗਈ। ਇਸ ਮੌਕੇ ਪ੍ਰਧਾਨ ਡਾ.ਰਮਨ, ਸੁਸ਼ੀਲ ਸ਼ਰਮਾ, ਅਸ਼ੋਕ ਸ਼ਰਮਾ, ਮੋਹਿਤ ਸ਼ਰਮਾ, ਜੀਵਨ ਸੰਘਾ, ਮਹਿੰਦਰ ਵਿਰਕ ਸੂਦ, ਸਤਪ੍ਰਕਾਸ਼ ਸਿੰਘ ਸੱਗੂ ਆਦਿ ਮੌਜੂਦ ਸਨ।

ਆਰ ਕੇ ਖੰਨਾ ਬਣੇ ਨਵੇਂ ਬਿਜਲੀ ਲੋਕਪਾਲ

ਚੰਡੀਗੜ੍ਹ (ਕ੍ਰਿਸ਼ਨ ਗਰਗ) - ਹਰਿਆਣਾ ਬਿਜਲੀ ਰੈਗੂਲੇਟਰੀ ਕਮਿਸ਼ਨ (ਐਚ ਈ ਆਰ ਸੀ) ਨੇ ਖਪਤਕਾਰਾਂ ਦੀਆਂ ਸ਼ਿਕਾਇਤਾਂ ਦੇ ਤੁਰੰਤ ਅਤੇ ਪਾਰਦਰਸ਼ੀ ਹੱਲ ਲਈ 17 ਜਨਵਰੀ ਨੂੰ ਇੰਜੀਨੀਅਰ ਰਾਕੇਸ਼ ਕੁਮਾਰ ਖੰਨਾ ਨੂੰ ਬਿਜਲੀ ਲੋਕਪਾਲ ਨਿਯੁਕਤ ਕੀਤਾ। ਬਿਜਲੀ ਵੰਡ ਖੇਤਰ ਵਿਚ 25 ਸਾਲਾਂ ਤੋਂ ਵੱਧ ਦਾ ਤਜਰਬਾ ਰੱਖਣ ਵਾਲੇ ਖੰਨਾ ਨੇ ਇਸ ਜ਼ਿੰਮੇਵਾਰੀ ਨੂੰ ਖਪਤਕਾਰ ਸਮੱਸਿਆਵਾਂ ਦੇ ਹੱਲ ਦਾ ਇਕ ਮਹਤੱਵਪੂਰਨ ਮੌਕਾ ਦੱਸਿਆ।ਐਚ ਈ ਆਰ ਸੀ ਨੇ ਖਪਤਕਾਰਾਂ ਦੀਆਂ ਸ਼ਿਕਾਇਤਾਂ ਦੇ ਹੱਲ ਲਈ ਤਿੰਨ ਪੱਧਰਾਂ ਦੀ ਮਜ਼ਬੂਤ ਪ੍ਰਣਾਲੀ ਬਣਾਈ ਹੈ। ਜਿਸ ਦੇ ਤਹਿਤ 1 ਲੱਖ ਰੁਪਏ ਤੱਕ ਦੇ ਵਿਵਾਦ ਸਰਕਲ ਪੱਧਰ 'ਤੇ 21 ਸੀ ਜੀ ਆਰ ਐਫ ਰਾਹੀਂ ਹੱਲ ਕੀਤੇ ਜਾਂਦੇ ਹਨ। 1-3 ਲੱਖ ਰੁਪਏ ਦੇ ਵਿਵਾਦ ਚਾਰ ਜ਼ੋਨਲ ਸੀ ਜੀ ਆਰ ਐਫ ਵਿਚ ਸੁਣੇ ਜਾਂਦੇ ਹਨ। 3 ਲੱਖ ਤੋਂ ਵੱਧ ਦੇ ਵਿਵਾਦ ਦੋ ਕਾਰਪੋਰੇਟ ਸੀ ਜੀ ਆਰ ਐਫ (ਪੰਚਕੂਲਾ ਅਤੇ ਗੁਰੂਗ੍ਰਾਮ) ਵੱਲੋਂ ਨਿਪਟਾਏ ਜਾਂਦੇ ਹਨ।ਸੀ ਜੀ ਆਰ ਐਫ ਦੇ ਫੈਸਲੇ ਤੋਂ ਅਸੰਤੁਸ਼ਟ ਖਪਤਕਾਰ ਆਪਣੀ ਸ਼ਿਕਾਇਤਾਂ ਬਿਜਲੀ ਲੋਕਪਾਲ ਦੇ ਸਾਹਮਣੇ ਪੇਸ਼ ਕਰ ਸਕਦੇ ਹਨ।ਐਚ ਈ ਆਰ ਸੀ ਦੇ ਚੇਅਰਮੈਨ ਨੰਦ ਲਾਲ ਸ਼ਰਮਾ ਅਤੇ ਮੈਂਬਰ ਮੁਕੇਸ਼ ਗਰਗ ਦੇ ਨਿਰਦੇਸ਼ ਹਨ ਕਿ ਖਪਤਕਾਰ ਸ਼ਿਕਾਇਤਾਂ ਦਾ ਹੱਲ ਸਮੇਂਬੱਧ ਅਤੇ ਪਾਰਦਰਸ਼ੀ ਢੰਗ ਨਾਲ ਯਕੀਨੀ ਕੀਤਾ ਜਾਵੇ।ਇਹ ਪਹਿਲ ਹਰਿਆਣਾ ਦੇ ਬਿਜਲੀ ਖਪਤਕਾਰਾਂ ਲਈ ਇਕ ਇਤਿਹਾਸਕ ਕਦਮ ਹੈ।

ਸਰਪੰਚ ਸ਼ਿੰਦਰਪਾਲ ਨੇ ਲੜਕੀ ਦੇ ਵਿਆਹ 'ਤੇ ਦਿੱਤਾ ਸ਼ਗਨ 11 ਹਜ਼ਾਰ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਹਲਕਾ ਚੱਬੇਵਾਲ ਅਧੀਨ ਪੈਂਦੇ ਪਿੰਡ ਪੱਟੀ ਵਿਖੇ ਇਕ ਗਰੀਬ ਪਰਿਵਾਰ ਦੀ ਲੜਕੀ ਧਰਮਪ੍ਰੀਤ ਕੌਰ ਪੁੱਤਰੀ ਲੇਟ ਅਵਤਾਰ ਸਿੰਘ ਦੇ ਵਿਆਹ ਮੌਕੇ ਸਰਪੰਚ ਸ਼ਿੰਦਰਪਾਲ ਨੇ ਉਨ੍ਹਾਂ ਦੀ ਮਾਤਾ ਅਮਨਦੀਪ ਕੌਰ ਨੂੰ 11 ਹਜ਼ਾਰ ਰੁਪਏ ਸ਼ਗਨ ਵਜੋਂ ਦਿੱਤੇ।ਸਰਪੰਚ ਸ਼ਿੰਦਰਪਾਲ ਨੇ ਦੱਸਿਆ ਕਿ ਜਦੋਂ ਉਹ ਪਹਿਲੀ ਵਾਰ ਸਰਪੰਚ ਬਣੇ ਸਨ ਤਾਂ ਉਨ੍ਹਾਂ ਨੇ 5100 ਸ਼ਗਨ ਉਨ੍ਹਾਂ ਲੜਕੀਆਂ ਨੂੰ ਦੇਣ ਦੀ ਸ਼ੁਰੂਆਤ ਕੀਤੀ ਸੀ, ਜਿਨ੍ਹਾਂ ਦੇ ਸਿਰ 'ਤੇ ਪਿਤਾ ਦਾ ਸਾਇਆ ਨਹੀਂ ਸੀ। ਹੁਣ ਜਦੋਂ ਉਹ ਦੁਬਾਰਾ ਸਰਪੰਚ ਬਣੇ ਤਾਂ ਉਨ੍ਹਾਂ ਪਿੰਡ ਵਾਸੀਆਂ ਨੂੰ ਭਰੋਸਾ ਦਿਵਾਇਆ ਸੀ ਕਿ ਹੁਣ ਉਹ ਇਹ ਰਾਸ਼ੀ ਵਧਾ ਕੇ 11 ਹਜ਼ਾਰ ਰੁਪਏ ਕਰ ਦੇਣਗੇ। ਇਸੇ ਵਾਅਦੇ ਨੂੰ ਪੂਰਾ ਕਰਦੇ ਹੋਏ ਉਨ੍ਹਾਂ ਨੇ ਅੱਜ 11 ਹਜ਼ਾਰ ਰੁਪਏ ਸ਼ਗਨ ਦੇ ਕੇ ਇਸ ਦੀ ਸ਼ੁਰੂਆਤ ਕਰ ਦਿੱਤੀ ਹੈ। ਇਸ ਮੌਕੇ ਪੰਚ ਪਲਵਿੰਦਰ ਸਿੰਘ, ਪੰਚ ਸੋਹਣ ਲਾਲ, ਜਗਜੀਤ ਸਿੰਘ ਤੋਂ ਇਲਾਵਾ ਹੋਰ ਵੀ ਪਿੰਡ ਤੇ ਪਤਵੰਤੇ ਮੌਜੂਦ ਸਨ।

ਸ੍ਰੀ ਗੁਰੂ ਰਵਿਦਾਸ ਵੈੱਲਫੇਅਰ ਸੁਸਾਇਟੀ ਬਲਾਕ ਟਾਂਡਾ ਦੀ ਮੀਟਿੰਗ ਹੋਈ

ਟਾਂਡਾ ਉੜਮੁੜ (ਜਸਵਿੰਦਰ ਸੰਧੂ/ਉਂਕਾਰ ਸਿੰਘ)-ਸ੍ਰੀ ਗੁਰੂ ਰਵਿਦਾਸ ਵੈੱਲਫੇਅਰ ਸੁਸਾਇਟੀ ਬਲਾਕ ਟਾਂਡਾ ਦੀ ਵਿਸ਼ੇਸ਼ ਮੀਟਿੰਗ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਪਿੰਡ ਚਤੋਵਾਲ ਵਿਖੇ ਹੋਈ। ਕਮੇਟੀ ਪ੍ਰਧਾਨ ਤੀਰਥ ਸਿੰਘ ਦੀ ਦੇਖ-ਰੇਖ ਹੇਠ ਹੋਈ ਇਸ ਮੀਟਿੰਗ ਦੌਰਾਨ ਇਲਾਕੇ ਦੇ ਵੱਖ-ਵੱਖ ਪਿੰਡ ਚਤੋਵਾਲ , ਮੂਨਕ ਖੁਰਦ, ਮੂਨਕ ਕਲਾਂ, ਬੋਲੇਵਾਲ, ਬਗੋਲ ਕਲਾਂ , ਬਗੋਲ ਖੁਰਦ, ਖਾਨਪੁਰ, ਸਹੋਤਾ, ਰਾਜਪੁਰ,ਰਲਹਣ ਤੇ ਹੋਰਨਾ ਪਿੰਡਾਂ ਤੋਂ ਸੇਵਾਦਾਰ ਮੈਂਬਰਾਂ ਨੇ ਭਾਗ ਲਿਆ। ਇਸ ਮੌਕੇ ਸੋਸਾਇਟੀ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਫਰਵਰੀ ਮਹੀਨੇ ਦੌਰਾਨ ਵਿਸ਼ਵ ਭਰ ਵਿੱਚ ਮਨਾਏ ਜਾ ਰਹੇ 648ਵੇਂ ਪ੍ਰਕਾਸ਼ ਉਤਸਵ ਦੇ ਸਬੰਧ ਵਿੱਚ ਸਜਾਏ ਜਾਣ ਵਾਲੇ ਮਹਾਨ ਸਲਾਨਾ ਜ਼ਿਲ੍ਹਾ ਪੱਧਰੀ ਨਗਰ ਕੀਰਤਨ ਸੰਬੰਧੀ ਵਿਸਥਾਰ-ਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ।

ਮੀਟਿੰਗ ਵਿੱਚ ਸੁਸਾਇਟੀ ਦੇ ਪ੍ਰਬੰਧਕ ਸੇਵਾਦਾਰ ਅਮਰਜੀਤ ਕਲਸੀਆ, ਰਣਜੀਤ ਸਿੰਘ ਰਾਜਪੁਰ, ਸਾਬਕਾ ਸਰਪੰਚ ਸਰਬਜੀਤ ਸਿੰਘ ਰੱਲਣ, ਸਬੇਦਾਰ ਪਰਮਜੀਤ ਸਿੰਘ ਖਾਲਸਾ , ਡਾ. ਰਵੀ ਕੁਮਾਰ ਚਤੋਵਾਲ ਨੇ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਉਤਸਵ ਨੂੰ ਸਜਾਏ ਜਾਣ ਵਾਲੇ ਮਹਾਨ ਨਗਰ ਕੀਰਤਨ ਦੀਆਂ ਤਿਆਰੀਆਂ ਲੱਗਭੱਗ ਮੁਕੰਮਲ ਕੀਤੀਆਂ ਜਾ ਚੁੱਕੀਆਂ ਹਨ ਅਤੇ ਇਸ ਸੰਬੰਧੀ ਸੇਵਾਦਾਰਾਂ ਦੀਆਂ ਡਿਊਟੀਆਂ ਵੀ ਤੈਅ ਕੀਤੀਆਂ ਗਈਆਂ ਹਨ। ਉਹਨਾਂ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਮਹਾਨ ਨਗਰ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਪਿੰਡ ਚਤੋਵਾਲ ਤੋਂ ਆਰੰਭ ਹੋ ਕੇ ਵੱਖ-ਵੱਖ ਪਿੰਡਾਂ ਦੀ ਪਰਿ

21-Jan-PAGE-9.qxd 1/20/2025 10:40 PM Page 1

ਕਾਮਰੇਡ ਜਸਵੰਤ ਸਿੰਘ ਸਮਰਾ ਦੀ ਬਰਸੀ 27 ਫਰਵਰੀ ਨੂੰ ਮਨਾਈ ਜਾਵੇਗੀ

ਜਲੰਧਰ/ਮੇਹਟੀਆਣਾ(ਰਾਜੇਸ਼ ਥਾਪਾ, ਜਗਤਾਰ ਸਿੰਘ ਭੁੰਗਰਨੀ)- ਪੰਜਾਬ ਪੈਨਸ਼ਨ ਯੂਨੀਅਨ ਜ਼ਿਲ੍ਹਾ ਜਲੰਧਰ ਦੀ ਮਾਸਿਕ ਮੀਟਿੰਗ ਕਾਮਰੇਡ ਜਸਵੰਤ ਸਿੰਘ ਸਮਰਾ ਯਾਦਗਾਰ ਹਾਲ ਜਲੰਧਰ ਵਿਖੇ ਜਥੇਬੰਦੀ ਦੇ ਚੇਅਰਮੈਨ ਕਾ.ਮਦਨ ਲਾਲ ਚੀਮਾ ਅਤੇ ਮੀਤ ਪ੍ਰਧਾਨ ਕਾ.ਸੁਬਾਸ਼ ਮੱਟੂ ਦੀ ਪ੍ਰਧਾਨਗੀ ਹੇਠ ਹੋਈ।ਸੂਬੇ ਦੇ ਸੀਨੀ.ਮੀਤ ਪ੍ਰਧਾਨ ਕਾ. ਜਗਤਾਰ ਸਿੰਘ ਭੁੰਗਰਨੀ ਦੇ ਭਣਵਈਏ ਸੀਤਲ ਸਿੰਘ ਦੇ ਸਦੀਵੀ ਵਿਛੋੜੇ ਅਤੇ ਹੋਰ ਦੇਸ਼ ਵਿਦੇਸ਼ ਵਿੱਚ ਕੁਦਰਤੀ ਆਫ਼ਤਾਂ ਨਾਲ ਹੋਈਆਂ ਮੌਤਾਂ 'ਤੇ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ ।ਜਗਤਾਰ ਸਿੰਘ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਸਰਕਾਰ ਬਣਨ ਤੋਂ ਪਹਿਲਾਂ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਸਾਡੇ ਧਰਨਿਆਂ ਵਿੱਚ ਆ ਕੇ ਸਾਡੀਆਂ ਮੰਗਾਂ ਦੇ ਬੈਨਰ ਫੜ ਕੇ ਐਲਾਨ ਕਰਦੇ ਸਨ ਕਿ ਤੁਹਾਡੀਆਂ ਮੰਗਾਂ ਬਿਲਕੁਲ ਜਾਇਜ਼ ਹਨ ਅਤੇ ਜੇ ਸਾਡੀ ਸਰਕਾਰ ਬਣਾਓਗੇ ਤਾਂ ਅਸੀਂ ਤੁਹਾਡੀਆਂ ਸਾਰੀਆਂ ਮੰਗਾਂ ਮਹੀਨੇ ਦੇ ਵਿੱਚ ਵਿੱਚ ਪੂਰੀਆਂ ਕਰਾਂਗੇ ।ਪਰ ਤਿੰਨ ਸਾਲ ਬੀਤ ਜਾਣ 'ਤੇ ਵੀ ਪੰਜਾਬ ਸਰਕਾਰ ਨੇ ਇੱਕ ਵੀ ਮੰਗ ਪੂਰੀ ਨਹੀਂ ਕੀਤੀ। ਪ੍ਰਧਾਨ ਨੇ ਪੈਨਸ਼ਨਰਾਂ ਨੂੰ ਯਾਦ ਕਰਵਾਇਆ ਕਿ ਪੈਨਸ਼ਨਰਾਂ ਦੀ ਪੰਜਾਬ ਵਿੱਚ ਲਗਭਗ ਸਾਢੇ ਤਿੰਨ ਲੱਖ ਗਿਣਤੀ ਹੈ ਅਤੇ ਆਪਣੇ ਪਰਵਾਰ ਦੇ ਮੈਂਬਰ ਅਤੇ ਰਿਸ਼ਤੇਦਾਰਾਂ ਦੀਆਂ ਵੋਟਾਂ ਮਿਲਾ ਕੇ ਲੱਖਾਂ ਵਿੱਚ ਪਹੁੰਚ ਜਾਂਦੀ ਹੈ ਜਿਸ ਤਰ੍ਹਾਂ ਤੁਸੀਂ ਪਿਛਲੀਆਂ ਸਰਕਾਰਾਂ ਬਦਲੀਆਂ ਹਨ ਜੇ ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਸਰਕਾਰ ਨੇ ਪੰਜਾਬ ਪੈਨਸ਼ਨਰਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੀਆਂ ਤਾਂ ਪੈਨਸ਼ਨਰ ਯੂਨੀਅਨ ਦੇ ਸਾਂਝੇ ਫਰੰਟ ਵੱਲੋਂ ਅਗਲਾ ਜੋ ਵੀ ਸੰਘਰਸ਼ ਉਲੀਕਿਆ ਜਾਵੇਗਾ ਉਸ ਵਿੱਚ ਜ਼ਿਲ੍ਹਾ ਜਲੰਧਰ ਦੇ ਸਾਥੀ ਵੱਧ ਚੜਕੇ ਸ਼ਮੂਲੀਅਤ ਕਰਨਗੇ ।ਉਨ੍ਹਾਂ ਇਹ ਵੀ ਦੱਸਿਆ ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ ਯੂਨੀਅਨ ਪੰਜਾਬ (ਏਟਕ) ਦੇ ਬਾਨੀ ਕਾਮਰੇਡ ਜਸਵੰਤ ਸਿੰਘ ਸਮਰਾ ਦੀ ਸੂਬਾ ਪੱਧਰੀ ਸਾਲਾਨਾ ਬਰਸੀ ਮਿਤੀ 27 ਫਰਵਰੀ 2025 ਨੂੰ ਜਲੰਧਰ ਵਿਖੇ ਮਨਾਈ ਜਾਵੇਗੀ ।ਸੀਨੀ. ਮੀਤ ਪ੍ਰਧਾਨ ਦਵਿੰਦਰ ਪਾਲ ਸਿੰਘ ਨੇ ਕਿਹਾ ਕਿ ਬੇਰੁਜ਼ਗਾਰੀ, ਨਸ਼ਿਆਂ, ਕੁਰੱਪਸ਼ਨ ਰੋਕਣ ਬਾਰੇ ਹਰ ਮੁੱਦੇ 'ਤੇ ਸਰਕਾਰ ਫੇਲ੍ਹ ਸਾਬਤ ਹੋਈ ਹੈ । ਕਾ. ਹਰਿੰਦਰ ਸਿੰਘ ਚੀਮਾ ਨੇ ਕਿਹਾ ਕਿ ਖਾਸ ਕਰਕੇ ਪੰਜਾਬ ਸਰਕਾਰ ਪੈਨਸ਼ਨਰਾਂ ਦਾ ਛੇਵੇਂ ਪੇ-ਕਮਿਸ਼ਨ ਦਾ ਤਜਵੀਜ਼ਤ 2.59 ਦਾ ਗੁਣਾਕ ਅਤੇ ਡੀਏ ਦੀਆਂ ਰਹਿੰਦੀਆਂ ਤਿੰਨ ਕਿਸ਼ਤਾਂ, ਪੇ-ਕਮਿਸ਼ਨ ਦਾ 1-1- 2016 ਤੋਂ 30-6-21 ਦਾ ਬਕਾਇਆ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਕੱਚੇ ਮੁਲਾਜ਼ਮ ਪੱਕੇ ਕਰਨ ਦਾ ਜੋ ਵਾਇਦਾ ਕੀਤਾ ਸੀ ਸਰਕਾਰ ਨੇ ਅਜੇ ਤੱਕ ਇਹ ਕੋਈ ਮੰਗ ਪੂਰੀ ਨਹੀਂ ਕੀਤੀ। ਇਸ ਕਰਕੇ ਝੂਠੇ ਬਹਾਨੇ ਮਾਰ ਕੇ ਸਰਕਾਰ ਸਮਾਂ ਪਾਸ ਕਰਨ ਦੀ ਨੀਤੀ ਨੂੰ ਛੱਡੇ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਪੂਰੀਆਂ ਕਰਨ ਲਈ ਅੱਗੇ ਵਧੇ। ਇਸ ਮੌਕੇ ਕਾ.ਵਿਜੇ ਕੁਮਾਰ ਸ਼ਰਮਾ , ਗੁਰਦਿਆਲ ਸਿੰਘ ਜਲਵੇਹੜਾ,ਜਗੀਰ ਸਿੰਘ ਬਾਜਵਾ , ਪ੍ਰਦੀਪ ਕੁਮਾਰ ਐਨ ਆਰ ਆਈ, ਮੀਤ ਪ੍ਰਧਾਨ ਸੁਬਾਸ਼ ਮੱਟੂ , ਕਾਮਰੇਡ ਕੇਸ਼ਵ ਕੁਮਾਰ ,ਭੁਪਿੰਦਰ ਸਿੰਘ ,ਸੰਤੋਖ ਸਿੰਘ , ਮਦਨ ਲਾਲ ,ਬਲਵਿੰਦਰ ਸਿੰਘ ਮੁਲਤਾਨੀ,ਜਗਦੇਵ ਸਿੰਘ ਕੁਕੋਵਾਲ , ਪ੍ਰਤਾਪ ਬਹਾਦਰ , ਅਵਤਾਰ ਸਿੰਘ ਆਦਿ ਹਾਜ਼ਰ ਸਨ।

ਸਰਕਾਰੀ ਪ੍ਰਾਇਮਰੀ ਸਕੂਲ ਕੰਧਾਲਾ ਜੱਟਾਂ 'ਚ ਹੋਈ ਚੋਰੀ

ਅੱਡਾ ਸਰਾਂ (ਜਸਵੀਰ ਕਾਜਲ)— ਬੀਤੀ ਰਾਤ ਚੋਰਾਂ ਨੇ ਪਿੰਡ ਕੰਧਾਲਾ ਜੱਟਾਂ ਵਿਖੇ ਪ੍ਰਾਇਮਰੀ ਸਕੂਲ ਨੂੰ ਨਿਸ਼ਾਨਾ ਬਣਾਇਆ ਹੈ। ਇਕ ਕੰਪਿਊਟਰ ਤੇ ਰਾਸ਼ਨ ਚੋਰੀ ਹੋ ਗਏ ਹਨ। ਪ੍ਰਾਇਮਰੀ ਸਕੂਲ ਦੇ ਹੈਡ ਟੀਚਰ ਲੱਜਿਆ ਰਾਣੀ ਅਤੇ ਆਂਗਣਵਾੜੀ ਦੇ ਵਰਕਰਾਂ ਸੁਖਵੀਰ ਕੌਰ ਤੇ ਦਿਲਵੀਰ ਕੌਰ ਨੇ ਦੱਸਿਆ ਕਿ ਬੀਤੀ ਰਾਤ ਚੋਰ ਸਕੂਲ ਦੇ ਦਰਵਾਜ਼ੇ ਦੇ ਜ਼ਿੰਦਰੇ ਤੋੜ ਕੇ ਇਕ ਕੰਪਿਊਟਰ ਤੇ ਆਂਗਣਵਾੜੀ ਵਿਚੋਂ ਬਚਿਆ ਦਾ ਇੱਕ ਕੁਇੰਟਲ ਦੇ ਕਰੀਬ ਰਾਸ਼ਨ ਅਤੇ ਦੋ ਦਰਜਨ ਦੇ ਕਰੀਬ ਪੈਨਸਲਾਂ, ਕਾਪੀਆਂ, ਬਰਤਨ ਚੋਰੀ ਕਰਕੇ ਲੈ ਗਏ ਹਨ। ਉਨ੍ਹਾਂ ਦਸਿਆ ਇਸ ਸਕੂਲ ਵਿੱਚ ਕੈਮਰੇ ਵੀ ਲਗਾਏ ਹਨ ਪਰ ਚੋਰਾਂ ਨੇ ਕੈਮਰਿਆਂ ਦੇ ਮੂੰਹ ਥੱਲੇ ਨੂੰ ਘੁਮਾ ਦਿੱਤੇ ਸਨ। ਚੋਰਾਂ ਦੀਆਂ ਕੈਮਰਿਆਂ ਵਿਚ ਫੋਟੋ ਕੈਦ ਹੋ ਗਈਆਂ ਹਨ। ਉਨ੍ਹਾਂ ਦਸਿਆ ਇਸ ਸਬੰਧੀ ਪੁਲਸ ਨੂੰ ਵੀ ਸੂਚਿਤ ਕਰ ਦਿੱਤਾ ਹੈ। ਇਸ ਮੌਕੇ ਕੁਲਵਿੰਦਰ ਕੌਰ, ਗੁਰਪ੍ਰੀਤ ਸਿੰਘ, ਮੈਡਮ ਕੁਲਦੀਪ ਕੌਰ, ਮੈਡਮ ਸਤਵਿੰਦਰ ਕੌਰ,ਮੈਡਮ ਕਮਲਜੀਤ ਕੌਰ, ਨਛੱਤਰ ਕੌਰ ਤੋਂ ਇਲਾਵਾ ਪਿੰਡ ਦੇ ਮੋਹਤਬਰ ਮਨਦੀਪ ਸਿੰਘ ਮੰਨਾ, ਪ੍ਰਧਾਨ ਅੰਮ੍ਰਿਤਪਾਲ ਸਿੰਘ ਆਦਿ ਹਾਜ਼ਰ ਸਨ।

ਮਜ਼ਦੂਰ ਯੂਨੀਅਨ ਦੇ ਯੂਨਿਟ ਬਣਾਉਣ ਦਾ ਮਤਾ ਪਾਸ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)

ਪੇਂਡੂ ਮਜਦੂਰ ਯੂਨੀਅਨ ਇਲਾਕਾ ਨੂਰਮਹਿਲ ਦੀ ਮੀਟਿੰਗ, ਪੇਡੂ ਮਜਦੂਰ ਯੂਨੀਅਨ ਦੇ ਜ਼ਿਲ੍ਹਾ ਇਕਾਈ ਦੇ ਆਗੂ ਸਾਥੀ ਹੰਸ ਰਾਜ ਪੱਬਵਾ ਦੀ ਅਗਵਾਈ ਵਿੱਚ ਕੀਤੀ ਗਈ। ਪਿੰਡਾਂ ਵਿੱਚ ਮਜਦੂਰ ਯੂਨੀਅਨ ਦੀ ਮੈਂਬਰਸ਼ਿਪ ਕਰਕੇ ਜਥੇਬੰਦੀ ਦੇ ਯੂਨਿਟ ਬਣਾਉਣ ਦਾ ਮਤਾ ਪਾਸ ਕੀਤਾ ਗਿਆ, ਤਾਂ ਕਿ ਜਥੇਬੰਦੀ ਦਾ ਮਜਬੂਤ ਤਾਣਾਬਾਣਾ ਬਣਾਕੇ, ਮਜਦੂਰਾਂ ਦੀ ਜਿੰਦਗੀ ਨੂੰ ਬੇਹਤਰ ਬਣਾਉਣ ਲਈ ਸੰਘਰਸ਼ ਲੜਿਆ ਜਾ ਸਕੇ।ਮੀਟਿੰਗ ਵਿੱਚ ਚੰਨਣ ਸਿੰਘ ਬੁੱਟਰ, ਦਰਸ਼ਨ ਪਾਲ ਬੰਡਾਲਾ, ਨਿਰਮਲ ਸਿੱਧਮ, ਕੁਲਦੀਪ ਭੰਗਾਲਾ, ਸੱਤਾ ਰਵਿਦਾਸਪੁਰਾ, ਮਨੋਹਰ ਲਾਲ, ਜਿੰਦਰ ਰਾਮ ਸਰਹਾਲੀ, ਅਜੀਤ ਸਿੰਘ ਸਮਰਾ, ਆਦਿ ਸਾਥੀ ਹਾਜਰ ਹੋਏ। ਇਹ ਵੀ ਮਤਾ ਪਾਸ ਕੀਤਾ ਗਿਆ ਕਿ ਸਰਕਾਰ ਵੱਲੋ ਲਿਆਂਦੇ ਗਏ ਨਵੇਂ ਖੇਤੀ ਖਰੜਾ ਮਜਦੂਰਾਂ ਨੂੰ ਕਿਵੇਂ ਪ੍ਰਭਾਵਿਤ ਕਰੇਗਾ ਦੇ ਬਾਰੇ ਵਿੱਚ 30 ਜਨਵਰੀ ਨੂੰ ਜਲੰਧਰ ਦੇਸ਼ ਭਗਤ ਯਾਦਗਾਰ ਹਾਲ ਵਿੱਚ ਪੇਂਡੂ ਮਜਦੂਰ ਯੂਨੀਅਨ ਵੱਲੋਂ ਕੀਤੀ ਜਾ ਰਹੀ ਸੂਬਾ ਪੱਧਰੀ ਕਨਵੈਨਸ਼ਨ ਵਿੱਚ ਵੀ ਵੱਡੀ ਪੱਧਰ 'ਤੇ ਨੂਰਮਹਿਲ ਇਲਾਕੇ ਵਿੱਚੋਂ ਹਾਜਰੀ ਲਗਵਾਈ ਜਾਵੇ।

ਕਸ਼ਮੀਰੀ ਨੌਜਵਾਨ ਦੀ ਲੁੱਟ ਦੇ ਮਾਮਲੇ 'ਚ ਮੁਲਜ਼ਮ ਗ੍ਰਿਫ਼ਤਾਰ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)

ਕਸ਼ਮੀਰੀ ਨੌਜਵਾਨ ਨੂੰ ਜਖ਼ਮੀ ਕਰਕੇ ਲੁੱਟਖੋਹ ਕਰਨ ਦੇ ਮਾਮਲੇ ਨੂੰ ਪੁਲਸ ਨੇ 6 ਘੰਟਿਆਂ ਵਿੱਚ ਹੀ ਸੁਲਝਾਅ ਲਿਆ ਹੈ ਅਤੇ ਇੱਕ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ।ਸਬ ਡਵੀਜ਼ਨ ਸੁਲਤਾਨਪੁਰ ਲੋਧੀ ਡੀਐਸਪੀ ਗੁਰਮੀਤ ਸਿੰਘ ਸਿੱਧੂ ਅਤੇ ਥਾਣਾ ਸੁਲਤਾਨਪੁਰ ਲੋਧੀ ਦੇ ਐਸਐਚਓ ਇੰਸਪੈਕਟਰ ਹਰ ਗੁਰਦੇਵ ਸਿੰਘ ਨੇ ਦੱਸਿਆ ਕਿ ਬੀਤੇ ਦਿਨੀ ਸਾਨੂੰ ਇੱਕ ਸ਼ਿਕਾਇਤ ਪ੍ਰਾਪਤ ਹੋਈ ਸ,। ਜਿਸ ਵਿੱਚ ਮੁਹੰਮਦ ਸਫੀ ਖੋਜਾ ਪੁੱਤਰ ਮੰਗਤਾ ਖੋਜਾ ਵਾਸੀ ਪਿੰਡ ਦਰਦਪੁਰਾ ਜ਼ਿਲ੍ਹਾ ਕੁਪਵਾੜਾ (ਜੰਮੂ ਕਸ਼ਮੀਰ) ਨੇ ਦੱਸਿਆ ਕਿ ਉਹ ਸਰਦੀਆਂ ਵਿੱਚ ਗਰਮ ਕੱਪੜੇ ਵੇਚਣ ਦਾ ਕੰਮ ਕਰਦੇ ਹਨ । ਉਹਨਾਂ ਨੇ ਦੱਸਿਆ ਕਿ ਉਹ ਮਿਤੀ 18 ਜਨਵਰੀ ਨੂੰ ਦੁਪਹਿਰ ਨੂੰ ਪੈਦਲ ਗਰਮ ਕੱਪੜੇ ਵੇਚਣ ਲਈ ਪਿੰਡ ਸ਼ਾਹਵਾਲਾ ਅੰਦਰੀਸਾ ਨੂੰ ਜਾ ਰਹੇ ਸਨ ਤਾਂ ਰਸਤੇ 'ਚ ਇੱਕ ਮੋਟਰਸਾਈਲ 'ਤੇ ਤਿੰਨ ਨਕਾਬਪੋਸ਼ ਨੌਜਵਾਨ ਆਏ । ਜਿਨ੍ਹਾਂ ਨੇ ਆਉਣ ਦੇ ਸਾਰ ਹੀ ਮੇਰੇ ਸਿਰ ਦੇ ਪਿੱਛੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ ਅਤੇ ਉਹਨਾਂ ਕੋਲੋਂ 12 ਹਜਾਰ ਰੁਪਏ ਨਗਦੀ ਅਤੇ ਕੱਪੜੇ ਖੋ ਕੇ ਫਰਾਰ ਹੋ ਗਏ ।ਪੁਲਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਮੁਕੱਦਮਾ ਨੰਬਰ 12 ਦਰਜ ਕਰਕੇ 6 ਘੰਟੇ ਵਿਚ ਮੁਲਜ਼ਮ ਰਾਜਕਰਨ ਸਿੰਘ ਪੁੱਤਰ ਸਰਬਜੀਤ ਸਿੰਘ ਵਾਸੀ ਪਿੰਡ ਦੰਦੂਪੁਰ ਥਾਣਾ ਤਲਵੰਡੀ ਚੌਧਰੀਆਂ ਨੂੰ ਗ੍ਰਿਫਤਾਰ ਕਰਕੇ ਉਸ ਕੋਲੋਂ ਇੱਕ ਮੋਟਰਸਾਈਕਲ ਤੇ 20000 ਰੁਪਏ ਬਰਾਮਦ ਕਰ ਲਏ।

ਸ੍ਰੀ ਗੁਰੂ ਨਾਨਕ ਦੇਵ ਚੈਰੀਟੇਬਲ ਸੁਸਾਇਟੀ ਨੇ ਅੱਖਾਂ ਦਾ ਮੁਫਤ ਕੈਂਪ ਲਗਾਇਆ

ਜਲੰਧਰ (ਰਾਜੇਸ਼ ਥਾਪਾ)-ਸ੍ਰੀ ਗੁਰੂ ਨਾਨਕ ਦੇਵ ਚੈਰੀਟੇਬਲ ਸੋਸਾਇਟੀ ਅਤੇ ਓਐੱਨਜੀਸੀ ਫਾਊਂਡੇਸ਼ਨ ਵੱਲੋਂ ਅੱਖਾਂ ਦਾ ਚੈਕਅੱਪ ਅਤੇ ਆਪ੍ਰੇਸ਼ਨ ਕੈਂਪ ਸ਼੍ਰੀ ਗੁਰੂ ਰਵਿਦਾਸ ਮੰਦਿਰ, ਬਸਤੀ ਦਾਨਿਸ਼ਮੰਦਾਂ ਜਲੰਧਰ ਵਿਖੇ ਲਗਾਇਆ ਗਿਆ ਜਿਸ ਵਿੱਚ 310 ਮਰੀਜ਼ਾਂ ਵੱਲੋਂ ਚੈੱਕਅੱਪ ਕਰਵਾ ਕੇ ਲਾਹਾ ਲਿਆ ਗਿਆ ਅਤੇ ਇਨ੍ਹਾਂ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਵੀ ਦਿੱਤੀਆਂ ਗਈਆਂ। ਇਹ ਕੈਂਪ ਪ੍ਰਧਾਨ ਡਾ. ਗੁਰਵਿੰਦਰ ਪਾਲ ਸਿੰਘ ਛਾਬੜਾ ਦੀ ਰਹਿਨੁਮਾਈ ਹੇਠ ਲਗਾਇਆ ਗਿਆ। ਇਸ ਕੈਂਪ ਵਿਚ ਬਸਤੀ ਦਾਨਿਸ਼ਮੰਦਾਂ ਦੇ ਕਾਊਂਸਲਰ ਡਾ. ਮਨੀਸ਼ ਕਰਲੂਪੀਆ ਨੇ ਹਾਜ਼ਰੀ ਦਿੱਤੀ ਅਤੇ ਉਚੇਚੇ ਤੌਰ 'ਤੇ ਕੈਂਪ ਦੀ ਸ਼ਲਾਘਾ ਕੀਤੀ। ਪ੍ਰਧਾਨ ਡਾ. ਗੁਰਵਿੰਦਰ ਪਾਲ ਸਿੰਘ ਛਾਬੜਾ ਵੱਲੋਂ ਇਹ ਦੱਸਿਆ ਗਿਆ ਕਿ ਇਸ ਸੋਸਾਇਟੀ ਦੀ ਸਥਾਪਨਾ ਗੁਰਦੀਪ ਸਿੰਘ ਛਾਬੜਾ ਵੱਲੋਂ 2013 ਸੰਨ 'ਚ ਕੀਤੀ ਗਈ। ਇਸ ਮੌਕੇ ਸ੍ਰੀ ਗੁਰੂ ਨਾਨਕ ਦੇਵ ਚੈਰੀਟੇਬਲ ਸੋਸਾਇਟੀ ਦੇ ਸੰਸਥਾਪਕ ਸਵਰਗੀ ਗੁਰਦੀਪ ਸਿੰਘ ਛਾਬੜਾ ਦੀ ਸੁਪਤਨੀ ਮਾਤਾ ਸਤਵੰਤ ਕੌਰ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਸਿਰੋਪੇ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ੍ਰੀ ਗੁਰੂ ਰਵਿਦਾਸ ਮੰਦਿਰ ਦੀ ਪ੍ਰਬੰਧਕ ਕਮੇਟੀ ਵੱਲੋਂ ਵਿਜੇ ਕੁਮਾਰ ਹਾਜ਼ਰ ਸਨ ਅਤੇ ਸੁਖਪਾਲ ਸਿੰਘ, ਦੂਰਦਰਸ਼ਨ ਦੇ ਸਾਬਕਾ ਡਾਇਰੈਕਟਰ ਓਮ ਗੋਰੀ ਦੱਤ ਸ਼ਰਮਾ, ਪ੍ਰਵੀਨ ਸ਼ਰਮਾ, ਕਮਲਜੀਤ ਕੌਰ ਗਿੱਲ, ਗੁਰਇੰਦਰ ਦੀਪ ਭਾਟੀਆ, ਗੁਰਦੀਪ ਸਿੰਘ ਭਾਟੀਆ, ਜਪਜੋਤ ਸਿੰਘ ਭਾਟੀਆ, ਚੰਦਰ ਸ਼ੇਖਰ, ਸੋਸਾਇਟੀ ਸੈਕਟਰੀ ਵੀਨਾ ਅਗਰਵਾਲ, ਐੱਸ. ਪੀ. ਸਿੰਘ, ਪਰਮਿੰਦਰ ਪਾਲ ਸਿੰਘ, ਲਖਵਿੰਦਰ ਸਿੰਘ, ਬਰਿੰਦਰਜੀਤ ਸਿੰਘ ਗਰੋਵਰ (ਮੋਗੇ ਵਾਲੇ) ਆਦਿ ਹਾਜ਼ਰ

ਬਿਹਤਰ ਸਰਕਾਰੀ ਸਕੂਲ ਬਨਾਮ ਬੱਚਿਆਂ ਲਈ ਬਿਹਤਰ ਸਿੱਖਿਆ : ਡਾ: ਰਾਜ ਕੁਮਾਰ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)

ਸਰਕਾਰੀ ਸਕੂਲਾਂ ਵਿੱਚ ਵਧੀਆ ਸਿੱਖਿਆ ਦੇ ਨਾਲ-ਨਾਲ ਸਕੂਲਾਂ ਦੀ ਬਿਹਤਰ ਇਮਾਰਤ, ਲੋੜੀਂਦੀਆਂ ਬੁਨਿਆਦੀ ਸਹੂਲਤਾਂ, ਲੈਬ, ਲਾਇਬ੍ਰੇਰੀ ਆਦਿ ਹੋਣ ਨਾਲ ਹਰ ਆਮ ਨਾਗਰਿਕ ਆਪਣੇ ਬੱਚਿਆਂ ਲਈ ਸਰਕਾਰੀ ਸਕੂਲ ਦੀ ਚੋਣ ਮਾਣ ਨਾਲ ਕਰਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੰਸਦ ਮੈਂਬਰ ਡਾ ਰਾਜ ਕੁਮਾਰ ਨੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਲਈ 26.13 ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰਦਿਆਂ ਕੀਤਾ । ਉਨ੍ਹਾਂ ਕਿਹਾ ਕਿ ਇਸ ਗ੍ਰਾਂਟ ਨਾਲ ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਸੁਧਾਰ ਦੇ ਕਈ ਅਹਿਮ ਕੰਮ ਕੀਤੇ ਜਾਣਗੇ ਅਤੇ ਉਨ੍ਹਾਂ ਦਾ ਵਿੱਦਿਅਕ ਪੱਧਰ ਵੀ ਉੱਚਾ ਚੁੱਕਿਆ ਜਾਵੇਗਾ।ਇਸ ਜਾਰੀ ਕੀਤੀ ਰਾਸ਼ੀ ਨਾਲ ਸਰਕਾਰੀ ਸਕੂਲਾਂ ਵਿੱਚ ਸੁਰੱਖਿਆ ਨੂੰ ਪਹਿਲ ਦਿੰਦਿਆਂ 4.97 ਕਰੋੜ ਰੁਪਏ ਦੀ ਲਾਗਤ ਨਾਲ ਨਵੀਂ ਚਾਰਦੀਵਾਰੀ ਬਣਾਈ ਜਾਵੇਗੀ। ਇਸ ਦੇ ਨਾਲ ਹੀ ਪੁਰਾਣੀ ਚਾਰਦੀਵਾਰੀ ਦੀ ਮੁਰੰਮਤ ਲਈ 1.47 ਕਰੋੜ ਰੁਪਏ ਦੀ ਰਾਸ਼ੀ ਦਿੱਤੀ ਗਈ ਹੈ।ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਵਧੀਆ ਵਿਦਿਅਕ ਮਾਹੌਲ ਪ੍ਰਦਾਨ ਕਰਨ ਲਈ 11.12 ਕਰੋੜ ਰੁਪਏ ਦੀ ਲਾਗਤ ਨਾਲ ਆਧੁਨਿਕ ਅਤੇ ਸੁਵਿਧਾਜਨਕ ਕਲਾਸਰੂਮ ਬਣਾਏ ਜਾਣਗੇ ਇਸ ਤੋਂ ਇਲਾਵਾ ਵਿਦਿਆਰਥੀਆਂ ਦੇ ਮਾਨਸਿਕ ਅਤੇ ਭਾਵਨਾਤਮਕ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ 'ਸਕੂਲ ਆਫ਼ ਹੈਪੀਨੈਸ' ਦੀ ਸਥਾਪਨਾ ਕੀਤੀ ਜਾਵੇਗੀ।ਇਸ ਪ੍ਰਾਜੈਕਟ ਲਈ 8.48 ਕਰੋੜ ਰੁਪਏ ਅਲਾਟ ਕੀਤੇ ਗਏ ਹਨ।ਇਹ ਵਿਸ਼ੇਸ਼ ਸਕੂਲ ਵਿਦਿਆਰਥੀਆਂ ਦੀ ਸਿਰਜਣਾਤਮਕਤਾ ਅਤੇ ਮਾਨਸਿਕ ਵਿਕਾਸ ਲਈ ਨਵੀਆਂ ਤਕਨੀਕਾਂ ਅਤੇ ਸਹੂਲਤਾਂ ਨਾਲ ਲੈਸ ਹੋਵੇਗਾ। ਇਸ ਮੌਕੇ 'ਤੇ ਡਾ.ਰਾਜਕੁਮਾਰ ਨੇ ਕਿਹਾਕਿ ਰਾਜਨੀਤੀ ਵਿੱਚ ਮੇਰੇ ਆਉਣ ਦਾ ਉਦੇਸ਼ ਜਨਤਾ ਦੀ ਸੇਵਾ ਕਰਨਾ, ਲੋੜਵੰਦਾਂ ਨੂੰ ਉਨ੍ਹਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਕਰਨ ਦੇ ਮੌਕੇ ਪ੍ਰਦਾਨ ਕਰਨਾ ਅਤੇ ਸਿੱਖਿਆ ਦੁਆਰਾ ਸਮਾਜ ਨੂੰ ਸਸ਼ਕਤ ਬਣਾਉਣਾ ਹੈ।

ਮਾਲੂਪੁਰ ਦੇ ਛਿੰਝ ਮੇਲੇ 'ਚ ਪਟਕੇ ਦੀ ਕੁਸ਼ਤੀ ਬਾਜ ਰੌਣੀ ਨੇ ਜਿੱਤੀ

ਕਾਲਾ ਸੰਘਿਆਂ (ਮਨਜੀਤ ਮਾਨ)

ਪਿੰਡ ਮਾਲੂਪੁਰ ਵਿਖੇ ਬਾਬਾ ਰਾਮ ਜੋਗੀ ਪੀਰ ਦੀ ਯਾਦ ਨੂੰ ਸਮਰਪਿਤ 93ਵਾਂ ਸਾਲਾਨਾ ਛਿੰਝ ਮੇਲਾ ਕਰਵਾਇਆ ਗਿਆ। ਆਮ ਆਦਮੀ ਪਾਰਟੀ ਦੇ ਹਲਕਾ ਸ਼ਾਹਕੋਟ ਦੇ ਇੰਚਾਰਜ ਪਿੰਦਰ ਪੰਡੋਰੀ , ਹਰਜਿੰਦਰ ਸਿੰਘ ਸੀਚੇਵਾਲ ਵਾਇਸ ਚੇਅਰਮੈਨ ਪੰਜਾਬ ਨੇ ਸ਼ਿਰਕਤ ਕੀਤੀ। ਉਕਤ ਆਗੂਆਂ ਨੇ ਸੰਬੋਧਨ ਕਰਦਿਆਂ

21-JAN-PAGE-10.qxd 1/20/2025 9:21 PM Page 1

ਸਰਕਾਰ ਚੋਣਾਂ ਦੌਰਾਨ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰੇ : ਸੁਦੇਸ਼ ਕੁਮਾਰੀ

ਮਲੋਟ (ਗੁਰਮੀਤ ਸਿੰਘ ਮੱਕੜ)-ਪਿੰਡ ਭਾਗਸਰ ਵਿਖੇ ਸੀ.ਪੀ ਆਗੂ ਕਾਮਰੇਡ ਸੁਦੇਸ਼ ਕੁਮਾਰੀ ਦੀ ਅਗਵਾਈ ਵਿਚ ਮਜ਼ਦੂਰਾਂ ਦੀ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਮਜ਼ਦੂਰਾਂ ਨੂੰ ਸੰਬੋਧਨ ਕਰਦੇ ਹੋਏ ਸੀ.ਪੀ ਆਗੂ ਕਾਮਰੇਡ ਸ਼ੁਦੇਸ਼ ਕੁਮਾਰੀ ਨੇ ਸਰਕਾਰ ਨੂੰ ਆਪਣੇ ਕੀਤੇ ਵਾਅਦੇ ਪੂਰੇ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਨੇ ਔਰਤਾਂ ਦੇ ਖਾਤੇ ਵਿੱਚ ਇੱਕ ਹਜ਼ਾਰ ਰੁਪਏ ਪਾਉਣ, 2500 ਬੁਢਾਪਾ ਤੇ ਅੰਗਹੀਣ ਪੈਨਸ਼ਨ ਕਰਨ, ਬੰਦ ਕੀਤੀ ਆਟਾ ਦਾਲ ਸਕੀਲ ਚਾਲੂ ਕਰਨ, ਸਿਹਤ, ਸਿੱਖਿਆ ਅਤੇ ਰੁਜ਼ਗਾਰ ਦੇਣ ਦਾ ਵਾਅਦਾ ਕੀਤਾ ਸੀ, ਪ੍ਰੰਤੂ ਸਰਕਾਰ ਨੇ ਇੱਕ ਵੀ ਵਾਅਦਾ ਪੂਰਾ ਨਹੀਂ ਕੀਤਾ। ਇਸ ਮੌਕੇ 1990 ਵਿੱਚ ਅੱਤਵਾਦੀਆਂ ਵੱਲੋਂ ਮਾਰੇ ਗਏ ਸ਼ਹੀਦ ਕਾਮਰੇਡ ਗੁਰਸੇਵਕ ਸਿੰਘ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ। ਮੀਟਿੰਗ ਦੌਰਾਨ ਸਟੂਡੈਂਟ ਆਗੂ ਗੁਰਵਿੰਦਰ ਸਿੰਘ ਨੇ ਬੇਰੁਜ਼ਗਾਰੀ 'ਤੇ ਚਿੰਤਾ ਪ੍ਰਗਟ ਕੀਤੀ ਤੇ ਸ਼ਹੀਦ ਭਗਤ ਸਿੰਘ ਦੀ ਸੋਚ ਨਾਲ ਜੁੜ ਕੇ ਅੱਗੇ ਆਉਣ ਦੀ ਅਪੀਲ ਕੀਤੀ।

ਵਾਰਡ ਨੰ. 23 ਦੇ ਸਫ਼ਾਈ ਕਾਰਜ ਜੰਗੀ ਪੱਧਰ 'ਤੇ

ਨਾਭਾ (ਵਰਿੰਦਰ ਵਰਮਾ)-ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੀ ਅਗਵਾਈ ਹੇਠ ਜੰਗੀ ਪੱਧਰ 'ਤੇ ਵਿਕਾਸ ਕਾਰਜ ਕਰਾਏ ਜਾ ਰਹੇ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਾਰਡ ਨੰਬਰ 23 ਤੋਂ ਕੌਂਸਲਰ ਰੋਜ਼ੀ ਨਾਗਪਾਲ ਤੇ ਸਮਾਜ ਸੇਵੀ ਦੀਪਕ ਨਾਗਪਾਲ ਨੇ ਕੀਤਾ। ਵਾਰਡ ਦੇ ਚੱਲ ਰਹੇ ਵਿਕਾਸ ਕਾਰਜਾਂ ਤਹਿਤ ਨਗਰ ਕੌਂਸਲ ਦੇ ਕ੍ਰਮਚਾਰੀਆਂ ਨੂੰ ਬੁਲਾ ਕੇ ਵਾਰਡ ਨੰਬਰ 23 ਦੇ ਮੋਤੀ ਬਾਗ ਸਥਿਤ ਬੰਦ ਹੋਏ ਸੀਵਰੇਜ ਨੂੰ ਖੁਲ੍ਹਵਾਇਆ ਗਿਆ ਹੈ। ਉਹ ਵਾਰਡ ਵਾਸੀਆਂ ਦੀ ਸੇਵਾ ਲਈ ਹਮੇਸ਼ਾ ਹੀ ਤਤਪਰ ਰਹਿੰਦੇ ਹਨ ਤੇ ਕਿਸੇ ਵੀ ਤਰ੍ਹਾਂ ਦੀ ਜੇਕਰ ਵਾਰਡ ਵਾਸੀਆਂ ਦੀ ਨੂੰ ਕੋਈ ਸਮੱਸਿਆ ਆਉਂਦੀ ਹੈ ਤਾਂ ਉਹ ਤੁਰੰਤ ਉਸ ਦਾ ਹੱਲ ਕਰਦੇ ਹਨ। ਉਨ੍ਹਾਂ ਕਿਹਾ ਕਿ ਹਲਕਾ ਵਿਧਾਇਕ ਦੇਵ ਮਾਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਅਤੇ ਨਗਰ ਕੌਂਸਲ ਪ੍ਰਧਾਨ ਸੁਜਾਤਾ ਚਾਵਲਾ ਦੀ ਅਗਵਾਈ ਹੇਠ ਉਹ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਦਿੱਤੀ ਜਾਣ ਵਾਲੀ ਹਰ ਸਹੂਲਤ ਨੂੰ ਲੋਕਾਂ ਤੱਕ ਪੁਚਾਉਂਦੇ ਹਨ। ਰੋਜ਼ੀ ਨਾਗਪਾਲ ਅਤੇ ਦੀਪਕ ਨਾਗਪਾਲ ਨੇ ਕਿਹਾ ਕਿ ਜੇਕਰ ਵਾਰਡ ਵਾਸੀ ਨੂੰ ਕਿਸੇ ਪ੍ਰਕਾਰ ਦੀ ਕੋਈ ਸਮੱਸਿਆ ਆਉਂਦੀ ਹੈ ਤਾਂ ਉਹ ਸਿੱਧੇ ਤੌਰ 'ਤੇ ਸੰਪਰਕ ਕਰ ਸਕਦਾ ਹੈ।

ਸੜਕ ਸੁਰੱਖਿਆ ਮਹੀਨੇ 'ਚ ਡਰਾਈਵਰਾਂ ਦੀਆਂ ਅੱਖਾਂ ਦੀ ਜਾਂਚ ਦਾ ਕੈਂਪ ਲਾਇਆ

ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)-ਟ੍ਰੈਫ਼ਿਕ ਪੁਲਸ ਦੀ ਤਰਫ਼ ਤੋਂ ਸ੍ਰੀ ਗੁਰੂ ਨਾਨਕ ਦੇਵ ਟਰੱਕ ਯੂਨੀਅਨ ਵਿੱਚ ਡਰਾਈਵਰਾਂ ਦੀਆਂ ਅੱਖਾਂ ਦੇ ਚੈੱਕਅਪ ਲਈ ਅੱਖਾਂ ਦੇ ਮਾਹਰ ਡਾਕਟਰ ਮਾਨਸੀ ਜਿੰਦਲ ਦੀ ਅਗਵਾਈ ਵਿੱਚ ਮੁਫ਼ਤ ਕੈਂਪ ਲਾਇਆ ਗਿਆ, ਜਿੱਥੇ ਡਰਾਈਵਰਾਂ ਨੂੰ ਅੱਖਾਂ ਦੀਆਂ ਉੱਚਿਤ ਸੰਭਾਲ ਲਈ ਟਿਪਸ ਦਿੱਤੇ ਗਏ। ਡਾਕਟਰ ਜਿੰਦਲ ਨੇ ਕਿਹਾ ਕਿ ਸਮੇਂ-ਸਮੇਂ 'ਤੇ ਅੱਖਾਂ ਦੀ ਜਾਂਚ ਜ਼ਰੂਰ ਕਰਾਉਣੀ ਚਾਹੀਦੀ ਹੈ। ਕੈਂਪ ਵਿੱਚ ਵਿਸ਼ੇਸ਼ ਰੂਪ ਵਿੱਚ ਪਹੁੰਚੇ ਟ੍ਰੈਫਿਕ ਪੁਲਸ ਇੰਚਾਰਜ ਏਐੱਸਆਈ ਨਿਰਭੈ ਸਿੰਘ ਤੇ ਉਨਾਂ ਤੋਂ ਇਲਾਵਾ ਟ੍ਰੈਫ਼ਿਕ ਮਾਰਸ਼ਲ ਇੰਚਾਰਜ ਪੰਕਜ ਅਰੋੜਾ ਵੀ ਮੌਜੂਦ ਸਨ। ਯੂਨੀਅਨ ਦੇ 1000 ਤੋਂ ਜ਼ਿਆਦਾ ਟਰੱਕ ਡਰਾਈਵਰਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ। ਡਾਕਟਰ ਮਾਨਸੀ ਜਿੰਦਲ ਦੀ ਟੀਮ ਵਿੱਚ ਅੰਕਿਤ ਸਿੰਘ, ਸੁਮਨਪ੍ਰੀਤ ਕੌਰ, ਗੁਰਪਿਆਰ ਸਿੰਘ ਮੌਜੂਦ ਸਨ। ਟਰੱਕ ਯੂਨੀਅਨ ਦੇ ਪ੍ਰਧਾਨ ਯਾਦਵਿੰਦਰ ਸਿੰਘ ਨੇ ਟ੍ਰੈਫ਼ਿਕ ਪੁਲਸ ਦਾ ਧੰਨਵਾਦ ਕੀਤਾ।

ਤੀਜੀ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀਆਂ ਲਈ ਸੰਸਕ੍ਰਿਤੀ ਗਿਆਨ ਪ੍ਰੀਖਿਆ ਦਾ ਆਯੋਜਨ

ਰਾਮਪੁਰਾ ਫੂਲ (ਦਰਸ਼ਨ ਸਿੰਦਲ)-ਸਰਵਹਿੱਤਕਾਰੀ ਸਿੱਖਿਆ ਸਮਿਤੀ, ਪੰਜਾਬ ਦੁਆਰਾ ਚਲਾਏ ਜਾ ਰਹੇ ਲਾਲਾ ਕਸਤੂਰੀ ਲਾਲ ਸਰਵਹਿਤਕਾਰੀ ਵਿੱਦਿਆ ਮੰਦਰ ਵਿਖੇ ਤੀਜੀ ਜਮਾਤ ਤੋਂ 12ਵੀਂ ਜਮਾਤ ਤੱਕ ਦੇ ਸਾਰੇ ਵਿਦਿਆਰਥੀਆਂ ਲਈ ਸੰਸਕ੍ਰਿਤੀ ਗਿਆਨ ਪ੍ਰੀਖਿਆ ਦਾ ਆਯੋਜਨ ਬਹੁਤ ਉਤਸ਼ਾਹ ਨਾਲ ਕੀਤਾ ਗਿਆ। ਇਹ ਪ੍ਰੀਖਿਆ ਸ਼ਹਿਰ ਦੇ ਹੋਰ ਸਕੂਲਾਂ ਦੇ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਲਈ ਵੀ ਲਈ ਗਈ ਸੀ, ਜਿਸ ਵਿੱਚ ਵਿਦਿਆਰਥੀਆਂ ਨੇ ਭਾਰਤੀ ਸੱਭਿਆਚਾਰ, ਵਿਸਾਲ ਸੰਸਕ੍ਰਿਤੀ, ਇਤਿਹਾਸ, ਦਰਸ਼ਨ, ਧਰਮ ਤੇ ਕਲਾ ਨਾਲ ਸਬੰਧਤ ਮਹੱਤਵਪੂਰਨ ਸਵਾਲਾਂ ਦੇ ਜਵਾਬ ਦਿੱਤੇ। ਇਸ ਪ੍ਰੀਖਿਆ ਦਾ ਉਦੇਸ਼ ਵਿਦਿਆਰਥੀਆਂ ਵਿੱਚ ਭਾਰਤ ਦੀ ਵਿਸ਼ਾਲ ਸੰਸਕ੍ਰਿਤੀ ਪ੍ਰਤੀ ਜਾਗਰੂਕਤਾ ਅਤੇ ਸਮਝ ਪੈਦਾ ਕਰਨਾ ਸੀ। ਵਿਦਿਆਰਥੀਆਂ ਨੇ ਉਤਸ਼ਾਹ ਨਾਲ ਪ੍ਰੀਖਿਆ ਵਿੱਚ ਹਿੱਸਾ ਲਿਆ ਅਤੇ ਭਾਰਤੀ ਸੱਭਿਆਚਾਰ ਅਤੇ ਸੰਸਕ੍ਰਿਤੀ ਦੇ ਵੱਖ-ਵੱਖ ਪਹਿਲੂਆਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ। ਪ੍ਰੀਖਿਆ ਦੀ ਮਹੱਤਤਾ ਬਾਰੇ ਦੱਸਦਿਆਂ ਵਿੱਦਿਆ ਮੰਦਰ ਦੇ ਪ੍ਰਿੰਸੀਪਲ ਰਪਿੰਦਰ ਪਟਿਆਲ ਨੇ ਕਿਹਾ ਕਿ ਅਜਿਹੀਆਂ ਪ੍ਰੀਖਿਆਵਾਂ ਵਿਦਿਆਰਥੀਆਂ ਨੂੰ ਆਪਣੇ ਸੱਭਿਆਚਾਰ ਨਾਲ ਜੁੜਨ ਤੇ ਉਨ੍ਹਾਂ ਦੇ ਸਮਾਜਿਕ ਅਤੇ ਸੱਭਿਆਚਾਰਕ ਵਿਕਾਸ ਵਿੱਚ ਯੋਗਦਾਨ ਪਾਉਣ ਦਾ ਮੌਕਾ ਪ੍ਰਦਾਨ ਕਰਦੀਆਂ ਹਨ। ਪ੍ਰੀਖਿਆ ਦੇ ਨਤੀਜੇ ਜਲਦੀ ਹੀ ਐਲਾਨੇ ਜਾਣਗੇ ਤੇ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤਾ ਜਾਵੇਗਾ।

ਲੋੜਵੰਦ ਪਰਵਾਰਾਂ ਨੂੰ ਬੂਟ, ਜ਼ੁਰਾਬਾਂ ਅਤੇ ਮੁਫ਼ਤ ਕੱਪੜੇ ਵੰਡੇ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਪਿੰਡ ਚੱਕ ਫਤਿਹ ਸਿੰਘ ਵਾਲਾ ਵਿਖੇ ਸ਼ਾਹ ਸਤਿਨਾਮ ਜੀ ਗਰੀਨ ਐੱਸ ਵੈੱਲਫੇਅਰ ਕਮੇਟੀ ਵੱਲੋਂ ਸਰਦੀ ਤੋਂ ਬਚਾਅ ਲਈ ਲੋੜਵੰਦ ਪਰਿਵਾਰਾਂ ਨੂੰ ਕੱਪੜੇ, ਬੂਟ ਤੇ ਜ਼ੁਰਾਬਾਂ ਮੁਫ਼ਤ ਵੰਡੇ ਗਏ। ਜ਼ਿਕਰਯੋਗ ਹੈ ਕਿ ਇਸ ਪਿੰਡ ਦੀ ਸਾਧ ਸੰਗਤ ਨੇ ਪਿਛਲੇ ਸਾਲ ਪੂਜਨੀਕ ਗੁਰੂ ਸੰਤ ਡਾ. ਗੁਰਮੀਤ ਰਾਮ ਰਹੀਮ ਸਿੰਘ ਜੀ ਇੰਸਾਂ ਦੀ ਪਾਵਨ ਸਿੱਖਿਆ 'ਤੇ ਚੱਲਦੇ ਹੋਏ ਵਾਤਾਵਰਨ ਨੂੰ ਹਰਿਆ ਭਰਿਆ ਬਣਾਉਣ ਦੇ ਮਕਸਦ ਨਾਲ ਪਿੰਡ ਵਿਚ ਮੁਸਲਮਾਨ ਭਾਈਚਾਰੇ ਦੇ ਲੱਗ-ਭੱਗ ਤਿੰਨ ਏਕੜ੍ਹ, ਸ੍ਰੀ ਗੁਰਦੁਆਰਾ ਸਹਿਬ ਦੀ ਇਕ ਏਕੜ ਜ਼ਮੀਨ ਵਿਚ ਸੈਂਕੜੇ ਪੌਦੇ ਲਗਾਏ ਸਨ ਅਤੇ ਉਨ੍ਹਾਂ ਦੀ ਪੂਰੀ ਸਾਂਭ-ਸੰਭਾਲ ਵੀ ਕੀਤੀ ਜਾ ਰਹੀ ਹੈ ਜਿਸ 'ਤੇ ਹਲਕਾ ਭੁੱਚੋ ਮੰਡੀ ਦੇ ਵਿਧਾਇਕ ਮਾਸਟਰ ਜਗਸੀਰ ਸਿੰਘ, ਸ੍ਰੀ ਗੁਰਦਵਾਰਾ ਪ੍ਰਬੰਧਕ ਕਮੇਟੀ, ਪਿੰਡ ਦੀਆਂ ਦੋਨੋਂ ਗਰਾਮ ਪੰਚਾਇਤਾਂ ਅਤੇ ਮੁਸਲਮਾਨ ਭਾਈਚਾਰੇ ਦੀ ਪ੍ਰਬੰਧਕ ਕਮੇਟੀ ਕਮੇਟੀ ਵਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਨਿਤ ਕੀਤਾ ਗਿਆ। ਇਸ ਮੌਕੇ ਸਰਪੰਚ ਸੁਖਵੀਰ ਸਿੰਘ ਸੁਖੀ ਤੇ ਦਵਿੰਦਰ ਸਿੰਘ ਨੰਬਰਦਾਰ ਸਮਾਜ ਸੇਵੀ ਨੇ ਕਿਹਾ ਡੇਰਾ ਸੱਚਾ ਸੌਦਾ ਦੇ ਪ੍ਰੇਮੀਆਂ ਵੱਲੋ, ਜੋ ਉਪਰਾਲਾ ਕੀਤਾ ਗਿਆ ਹੈ ਬਹੁਤ ਹੀ ਸ਼ਲਾਘਾਯੋਗ ਹੈ। ਉਨਾਂ ਕਿਹਾ ਕਿ ਡੇਰਾ ਪ੍ਰੇਮੀਆਂ ਵੱਲੋਂ ਵਾਤਾਵਰਨ ਦੀ ਸ਼ੁੱਧਤਾ ਲਈ ਸੈਂਕੜੇ ਪੌਦੇ ਪਿੰਡ ਵਿੱਚ ਸਾਂਝੀਆਂ ਥਾਵਾਂ 'ਤੇ ਲਗਾਏ ਹੋਏ ਹਨ ਅਤੇ ਉਨ੍ਹਾਂ ਦੀ ਸੰਭਾਲ ਵੀ ਕਰ ਰਹੇ ਹਨ। ਸਮਾਜ ਵਿੱਚ ਫੈਲੇ ਨਸ਼ੇ ਅਤੇ ਹੋਰਨਾਂ ਬੁਰਾਈਆਂ ਛੁਡਵਾਉਣ ਵਿੱਚ ਵੀ ਬਹੁਤ ਵੱਡਾ ਯੋਗਦਨ ਹੈ। ਇਸ ਮੌਕੇ ਪੰਚ ਬਲਤੇਜ ਸਿੰਘ, ਗੁਰਜੀਤ ਸਿੰਘ, ਕਾਲਾ ਸਿੰਘ ਪ੍ਰੇਮੀ ਸੇਵਕ ਅੰਮ੍ਰਿਤਪਾਲ ਸਿੰਘ ਗੋਛਾ ਇੰਸਾਂ, ਗੁਰਦੀਪ ਸਿੰਘ ਇੰਸਾਂ, ਇੰਦਰਜੀਤ ਸਿੰਘ ਇੰਸਾਂ, ਚੇਤਨ ਸ਼ਰਮਾ ਇੰਸਾਂ, ਮਨਦੀਪ ਸਿੰਘ ਇੰਸਾਂ ਅਤੇ ਗਗਨਦੀਪ ਸਿੰਘ ਇੰਸਾਂ ਆਦਿ ਹਾਜ਼ਰ ਸਨ। ਲੋੜਵੰਦ ਪਰਿਵਾਰਾਂ ਨੇ ਸਮੁੱਚੀ ਸਾਧ ਸੰਗਤ ਦਾ ਧੰਨਵਾਦ ਕੀਤਾ।

ਅਸੀਂ ਪਹਿਲਾਂ ਵੀ ਕਿਸਾਨਾਂ ਨਾਲ ਖੜ੍ਹੇ ਸੀ, ਅੱਜ ਵੀ ਖੜ੍ਹੇ ਹਾਂ : ਸੁਖਮਿੰਦਰਪਾਲ

ਬਠਿੰਡਾ (ਰਾਜੀਵ ਗੋਇਲ)-'ਅਸੀਂ ਪਹਿਲਾਂ ਵੀ ਕਿਸਾਨ ਨਾਲ ਸੀ ਤੇ ਅੱਜ ਵੀ ਕਿਸਾਨਾਂ ਨਾਲ ਹੀ ਖੜ੍ਹੇ ਹਾਂ'। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਜਪਾ ਦੇ ਕੌਮੀ ਕਿਸਾਨ ਸੁਖਮਿੰਦਰਪਾਲ ਸਿੰਘ ਗਰੇਵਾਲ ਵੱਲੋਂ ਇੱਕ ਵਿਸ਼ੇਸ਼ ਗੱਲਬਾਤ ਦਰਮਿਆਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਡਾ. ਸਵੈਮਾਨ ਦੇਸ਼ ਦੇ ਕਿਸਾਨਾਂ ਨੂੰ ਹੁੰਮਰਾਹ ਕਰ ਰਹੇ ਹਨ ਅਤੇ ਡੱਲੇਵਾਲ ਦੀ ਮੌਤ ਦੀ ਉਡੀਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਖੁਸ਼ੀ ਹੈ ਕਿ 14 ਫਰਵਰੀ ਨੂੰ ਦੇਸ਼ ਦੇ ਕਿਸਾਨਾਂ ਦੀ ਕੇਂਦਰ ਨਾਲ ਮੀਟਿੰਗ ਹੋਣ ਜਾ ਰਹੀ ਹੈ, ਜਿਸਦੇ ਸਾਰਥਕ ਸਿੱਟੇ ਨਿਕਲਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਹ ਕੇਂਦਰੀ ਖੇਤੀਬਾੜੀ ਵਿਭਾਗ ਦੇ ਮੁਖੀ ਸ਼ਿਵਰਾਜ ਸਿੰਘ ਚੌਹਾਨ ਦੀ ਦਿੱਲੀ ਵਿੱਚ ਬੈਠੇ ਉਡੀਕ ਕਰ ਰਹੇ ਹਨ, ਕਿਉਂਕਿ ਉਹ ਚੌਹਾਨ ਇੰਦੌਰ ਗਏ ਹੋਏ ਹਨ ਅਤੇ ਵਾਪਸ ਪਰਤਣ ਤੇ ਕਿਸਾਨਾਂ ਦੇ ਮੁੱਦੇ ਨੂੰ ਲੈ ਕੇ ਵਿਸ਼ੇਸ਼ ਗੱਲਬਾਤ ਕੀਤੀ ਜਾਵੇਗੀ ਅਤੇ ਮਸਲੇ ਨੂੰ ਹੱਲ ਕਰਨ ਦੀ ਅਪੀਲ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾਂ ਨਾਲ ਗੁਰਬਿੰਦਰ ਸਿੱਧੂ ਭਗਤਾ, ਜਸਵੰਤ ਸਿੰਘ ਨਾਮਧਾਰੀ, ਸੁਨੀਲ ਕੁਮਾਰ ਡਿੰਪਲ, ਸੱਤਪਾਲ ਸਿੰਘ ਸ਼ਾਮਿਲ ਸਨ।

ਡਾ. ਬਲਬੀਰ ਸਿੰਘ ਵੱਲੋਂ ਸਰਾਲਾ ਹੈੱਡ ਤੇ ਨਾਲ ਲੱਗਦੇ ਪਿੰਡਾਂ ਦਾ ਦੌਰਾ

ਰਾਜਪੁਰਾ (ਰਮੇਸ਼ ਕਟਾਰੀਆ)

ਪੰਜਾਬ ਦੇ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਰਾਜਪੁਰਾ ਸਬ ਡਵੀਜ਼ਨ ਦੇ ਪਿੰਡ ਸਰਾਲਾ ਕਲਾਂ ਤੇ ਨਾਲ ਲੱਗਦੇ ਹੋਰਨਾਂ ਪਿੰਡਾਂ ਦਾ ਦੌਰਾ ਕੀਤਾ ਤੇ ਭਾਰੀ ਟ੍ਰੈਫ਼ਿਕ ਕਾਰਨ ਟੁੱਟੀਆਂ ਸੜਕਾਂ ਦਾ ਪੈਦਲ ਚੱਲ ਕੇ ਜਾਇਜ਼ਾ ਲਿਆ।

ਇਸ ਮੌਕੇ ਉਨ੍ਹਾਂ ਪੀ.ਡਬਲਿਊ.ਡੀ, ਪੰਜਾਬ ਮੰਡੀ ਬੋਰਡ, ਪੰਚਾਇਤੀ ਰਾਜ ਤੇ ਬੀ.ਐਮ.ਐਲ ਦੇ ਅਧਿਕਾਰੀਆਂ ਨੂੰ ਆਪਣੇ ਅਧੀਨ ਪੈਂਦੀਆਂ ਸੜਕਾਂ ਤੇ ਪੁਲਾਂ ਦੀ ਮੁਰੰਮਤ ਇੱਕ ਹਫ਼ਤੇ ਦੇ ਅੰਦਰ ਅੰਦਰ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ।

ਪਿੰਡ ਸਰਾਲਾ ਕਲਾ ਦੇ ਵਸਨੀਕਾਂ ਨਾਲ ਗੱਲਬਾਤ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਲੋਕਾਂ ਤੱਕ ਪਹੁੰਚ ਬਣਾਉਣ ਲਈ ਚਲਾਏ 'ਆਪ ਦੀ ਸਰਕਾਰ ਆਪ ਦੇ ਦੁਆਰ' ਪ੍ਰੋਗਰਾਮ ਤਹਿਤ ਉਹ ਪਿੰਡ ਸਰਾਲਾ ਕਲਾਂ ਦੇ ਵਸਨੀਕਾਂ ਕੋਲ ਪੁੱਜੇ ਹਨ ਤੇ ਸਥਾਨਕ ਵਸਨੀਕਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਨ ਲਈ ਅਧਿਕਾਰੀਆਂ ਨੂੰ ਮੌਕੇ 'ਤੇ ਨਿਰਦੇਸ਼ ਦਿੱਤੇ ਗਏ ਹਨ।ਡਾ. ਬਲਬੀਰ ਸਿੰਘ ਨੇ ਪੰਚਾਇਤ ਵਿਭਾਗ ਨੂੰ ਸਰਾਲਾ ਕਲਾਂ ਦੇ ਟੋਭੇ ਨੂੰ ਡੂੰਘਾ ਕਰਨ, ਪੀ.ਡਬਲਿਊ.ਡੀ ਨੂੰ ਪਿੰਡ ਸਰਾਲਾ ਖੁਰਦ ਤੋਂ ਸਰਾਲਾ ਕਲਾਂ ਨੂੰ ਆਉਂਦੀ ਸੜਕ ਦੀ ਮੁਰੰਮਤ ਤੇ ਬਰਮਾ ਦੀ ਸਫ਼ਾਈ ਹਫ਼ਤੇ ਦੇ ਅੰਦਰ-ਅੰਦਰ ਮੁਕੰਮਲ ਕਰਨ ਦੇ ਨਿਰਦੇਸ਼ ਦਿੰਦਿਆਂ ਬੀ.ਐਮ.ਐਲ ਦੇ ਅਧਿਕਾਰੀਆਂ ਨੂੰ ਸਰਾਲਾ ਹੈੱਡ ਦੇ ਪੁਲ ਦੇ ਪਾਸੇ ਤੁਰੰਤ ਮਜ਼ਬੂਤ ਕਰਨ ਦੀ ਹਦਾਇਤ ਕੀਤੀ।ਉਨ੍ਹਾਂ ਕਿਹਾ ਕਿ ਸਰਾਲਾ ਕਲਾਂ ਵਿੱਚ ਨਵਾਂ ਬਣ ਰਿਹਾ ਪੁਲ ਅਗਲੇ ਦੋ ਦਿਨਾਂ ਅੰਦਰ ਚਾਲੂ ਕਰ ਦਿੱਤਾ ਜਾਵੇਗਾ, ਇਸ ਪੁਲ ਦੇ ਚੱਲਣ ਨਾਲ ਟ੍ਰੈਫ਼ਿਕ ਦੀ ਸਮੱਸਿਆ ਹੱਲ ਹੋ ਜਾਵੇਗੀ।ਸਿਹਤ ਮੰਤਰੀ ਨੇ ਊਂਟਸਰ ਤੋਂ ਲੋਹਸਿੰਬਲੀ ਵਾਲੀ 5.44 ਕਿਲੋਮੀਟਰ ਸੜਕ, ਅੰਬਾਲਾ ਤੋਂ ਪਟਿਆਲਾ ਆਉਣ ਵਾਲੀ ਕਪੂਰੀ-ਲੋਹਸਿੰਬਲੀ ਵਾਲੀ 17.50 ਕਿਲੋਮੀਟਰ ਲੰਬੀ ਸੜਕ, ਸਰਾਲਾ ਕਲਾਂ ਤੋਂ ਹਰਿਆਣਾ ਬਾਰਡਰ ਨਾਲ ਲੱਗਦੀ ਲਿੰਕ ਸੜਕ ਦੇ 1.13 ਕਿਲੋਮੀਟਰ ਦੇ ਹੋਣ ਵਾਲੇ ਕੰਮ ਦੀ ਪ੍ਰਗਤੀ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਇਹ ਸਾਰੀਆਂ ਸੜਕਾਂ ਸੂਬੇ ਦੇ ਅਰਥਚਾਰੇ ਨੂੰ ਹੋਰ ਮਜ਼ਬੂਤ ਕਰਨ ਲਈ ਜ਼ਰੂਰੀ ਹਨ, ਇਸ ਲਈ ਇਨ੍ਹਾਂ ਦਾ ਕੰਮ ਜਲਦੀ ਤੋਂ ਜਲਦੀ ਸ਼ੁਰੂ ਕੀਤਾ ਜਾਵੇਗਾ।ਉਨ੍ਹਾਂ ਸਬੰਧਤ ਵਿਭਾਗਾਂ ਨੂੰ ਕੰਮ 'ਚ ਹੋਰ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ।ਡਾ. ਬਲਬੀਰ ਸਿੰਘ ਨੇ ਪੀ.ਡਬਲਿਊ.ਡੀ ਵਿਭਾਗ ਨੂੰ ਵਿੱਕੀਆਂ ਪੈ ਚੁੱਕੀਆਂ ਸੜਕਾਂ ਦੀਆਂ ਚਿੱਟੀਆਂ ਪੱਟੀਆਂ ਨੂੰ ਤੁਰੰਤ ਦੁਬਾਰਾ ਲਾਉਣ ਦੇ ਨਿਰਦੇਸ਼ ਦਿੰਦਿਆਂ ਕਿਹਾ ਕਿ ਧੁੰਦ ਦੇ ਮੌਸਮ ਵਿੱਚ ਚਿੱਟੀ ਪੱਟੀ ਨਾ ਹੋਣ ਕਾਰਨ ਸੜਕੀ ਹਾਦਸੇ ਹੋਣ ਦਾ ਖਤਰਾ ਰਹਿੰਦਾ ਹੈ। ਇਸ ਲਈ ਜਿਹੜੀਆਂ ਸੜਕਾਂ 'ਤੇ ਚਿੱਟੀਆਂ ਪੱਟੀਆਂ ਨਹੀਂ ਹਨ, ਉਥੇ ਤੁਰੰਤ ਲਵਾਈਆਂ ਜਾਣ।

'ਧਰਨਾਕਾਰੀ ਕਿਸਾਨਾਂ ਤੇ ਮਜ਼ਦੂਰਾਂ 'ਤੇ ਇਰਾਦਾ ਕਤਲ ਵਰਗੀਆਂ ਧਾਰਾਵਾਂ ਲਗਾਉਣਾ ਨਿੰਦਾਜਨਕ'

ਮਾਨਸਾ (ਆਤਮਾ ਸਿੰਘ ਪਮਾਰ)

ਸੀ ਪੀ ਆਈ (ਐਮ

21-Jan-PAGE-11-Majha.qxd 1/20/2025 10:39 PM Page 1

ਬਹਿਲ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਭੰਗਵਾਂ 'ਚ ਵਿਕਾਸ ਕਾਰਜਾਂ ਦਾ ਉਦਘਾਟਨ

* 1.32 ਕਰੋੜ ਰੁਪਏ ਖ਼ਰਚ ਕਰਕੇ ਬਦਲੀ ਜਾ ਰਹੀ ਹੈ ਸਕੂਲ ਦੀ ਨੁਹਾਰ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵੱਲੋਂ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ, ਭੰਗਵਾਂ, ਬਲਾਕ ਗੁਰਦਾਸਪੁਰ-1 ਵਿਖੇ 40 ਲੱਖ ਰੁਪਏ ਦੀ ਲਾਗਤ ਨਾਲ ਬਣੇ ਕਲਾਸ ਰੂਮ, ਕੰਪਿਊਟਰ ਲੈਬ, ਹੈੱਡ ਰੂਮ, ਡਾਇਨਿੰਗ ਏਰੀਆ, ਮੁੱਖ ਪ੍ਰਵੇਸ਼ ਦੁਵਾਰ, ਖੇਡ ਮੈਦਾਨ, ਪ੍ਰੀ ਪ੍ਰਾਇਮਰੀ ਟਾਇਲਟ ਯੂਨਿਟ ਅਤੇ ਇੰਟਰਲਾਕ ਟਾਈਲਾਂ ਦੇ ਮੁਕੰਮਲ ਹੋਏ ਪ੍ਰੋਜੈਕਟ ਦਾ ਉਦਘਾਟਨ ਕੀਤਾ ਗਿਆ।ਇਸਦੇ ਨਾਲ ਹੀ ਉਨ੍ਹਾਂ ਨੇ ਇਸੇ ਹੀ ਸਕੂਲ ਵਿੱਚ 79 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਹੋਰ ਨਵੇਂ ਕਲਾਸ ਰੂਮ, ਚਾਰ ਦੀਵਾਰੀ, ਹੋਲੀ ਸਟਿੱਕ ਪਲੈਨ, ਗਰਲਜ਼ ਟਾਇਲਟ ਦੇ ਪ੍ਰੋਜੈਕਟ ਦੀ ਸ਼ੁਰੂਆਤ ਵੀ ਕਰਵਾਈ।ਪੰਜਾਬ ਸਰਕਾਰ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਭੰਗਵਾਂ ਦੇ ਵਿਕਾਸ ਉਪਰ 1.32 ਕਰੋੜ ਰੁਪਏ ਖ਼ਰਚ ਕੀਤੇ ਜਾ ਰਹੇ ਹਨ।ਇਸ ਮੌਕੇ ਹਾਜ਼ਰ ਪਿੰਡ ਵਾਸੀਆਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਆਪ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਸੋਚ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਸੁਧਾਰ ਕਰਨ ਦੀ ਹੈ ਅਤੇ ਏਸੇ ਲੜੀ ਤਹਿਤ ਪੰਜਾਬ ਸਰਕਾਰ ਵੱਲੋਂ ਆਪਣੇ ਤਿੰਨ ਸਾਲ ਦੇ ਕਾਰਜਕਾਲ ਦੌਰਾਨ ਸਰਕਾਰੀ ਸਕੂਲਾਂ ਵਿੱਚ ਨਵੀਂ ਸਿੱਖਿਆ ਕ੍ਰਾਂਤੀ ਲਿਆ ਕੇ ਸਹੂਲਤਾਂ ਦੇ ਪੱਖ ਤੋਂ ਸਕੂਲਾਂ ਦੀ ਨੁਹਾਰ ਬਦਲ ਕੇ ਰੱਖ ਦਿੱਤੀ ਹੈ।ਚੇਅਰਮੈਨ ਬਹਿਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ, ਭੰਗਵਾਂ ਵਿਖੇ ਬੁਨਿਆਦੀ ਢਾਂਚੇ ਦੇ ਸੁਧਾਰ ਲਈ 1.32 ਕਰੋੜ ਰੁਪਏ ਦੀ ਗਰਾਂਟ ਮਨਜ਼ੂਰ ਕੀਤੀ ਗਈ ਸੀ, ਜਿਸ ਵਿੱਚ 40 ਲੱਖ ਰੁਪਏ ਦੀ ਲਾਗਤ ਨਾਲ ਸਕੂਲ ਵਿੱਚ ਨਵੇਂ ਕਲਾਸ ਰੂਮ, ਕੰਪਿਊਟਰ ਲੈਬ, ਹੈੱਡ ਰੂਮ, ਡਾਇਨਿੰਗ ਏਰੀਆ, ਮੁੱਖ ਪ੍ਰਵੇਸ਼ ਦੁਵਾਰ, ਖੇਡ ਮੈਦਾਨ, ਪ੍ਰੀ ਪ੍ਰਾਇਮਰੀ ਟਾਇਲਟ ਯੂਨਿਟ ਅਤੇ ਇੰਟਰਲਾਕ ਟਾਈਲਾਂ ਦੇ ਪ੍ਰੋਜੈਕਟ ਮੁਕੰਮਲ ਕਰ ਲਏ ਹਨ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਇਸੇ ਹੀ ਸਕੂਲ ਵਿੱਚ 79 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਹੋਰ ਨਵੇਂ ਕਲਾਸ ਰੂਮ, ਲਾਇਬ੍ਰੇਰੀ, ਸਾਫ਼ ਤੇ ਸ਼ੁੱਧ ਪਾਣੀ ਲਈ ਆਰ. ਓ. ਸਿਸਟਮ, ਚਾਰ ਦੀਵਾਰੀ, ਹੋਲੀ ਸਟਿੱਕ ਪਲੈਨ, ਗਰਲਜ਼ ਟਾਇਲਟ ਦੇ ਪ੍ਰੋਜੈਕਟ ਦੀ ਅੱਜ ਸ਼ੁਰੂਆਤ ਵੀ ਕੀਤੀ ਗਈ ਹੈ।ਇਸ ਮੌਕੇ ਡਿਪਟੀ ਡੀਈਓ ਅਨਿਲ ਸ਼ਰਮਾ, ਡੀ. ਆਰ. ਸੀ. ਗੁਰਨਾਮ ਸਿੰਘ, ਸੁਲੱਖਣ ਸਿੰਘ ਸੈਣੀ, ਜੇ. ਈ. ਪਰਮਿੰਦਰ ਸਿੰਘ, ਸੀ. ਐੱਸ. ਟੀ. ਹਰਪਾਲ ਸਿੰਘ, ਪ੍ਰਿੰ. ਰਾਜੇਸ਼ ਗੁਪਤਾ, ਪ੍ਰਿੰ. ਪ੍ਰਕਾਸ਼ ਜੋਸ਼ੀ, ਸਕੂਲ ਮੁਖੀ ਰਵਿੰਦਰ ਸਿੰਘ ਹੁੰਦਲ, ਅਧਿਆਪਕ ਸੰਦੀਪ ਸਿੰਘ ਬਾਜੇਚੱਕ, ਅਧਿਆਪਕਾ ਸੁਰਿੰਦਰ ਕੌਰ, ਤਵਿੰਦਰ ਕੌਰ, ਰਿਪੀ, ਸਰਪੰਚ ਰਾਜੇਸ਼ ਭੰਗਵਾਂ, ਤਰਲੋਕ ਸਿੰਘ ਕੰਗ, ਲਖਬੀਰ ਸਿੰਘ, ਨਰਿੰਦਰ ਸ਼ਰਮਾ, ਕੁਲਵਿੰਦਰ ਕੌਰ ਹੈੱਡ ਟੀਚਰ, ਸਰਵਨ ਸਿੰਘ ਐਚ.ਟੀ. ਅਤੇ ਗੁਰਪ੍ਰੀਤ ਸਿੰਘ ਹਾਜ਼ਰ ਸਨ।

ਪੈਰੋਲ 'ਤੇ ਆਏ ਕੈਦੀ ਵਿਰੁੱਧ ਕੇਸ ਦਰਜ

ਸ੍ਰੀ ਫ਼ਤਹਿਗੜ੍ਹ ਸਾਹਿਬ/(ਪ੍ਰਮੋਦ ਭਾਰਦਵਾਜ)-ਜੇਲ 'ਚੋਂ ਪੈਰੋਲ 'ਤੇ ਆਏ ਇੱਕ ਕੈਦੀ ਵਿਰੁੱਧ ਸਰਹਿੰਦ ਪੁਲਸ ਵੱਲੋਂ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਸੁਪਰਡੈਂਟ ਕੇਂਦਰੀ ਜੇਲ ਪਟਿਆਲਾ ਵੱਲੋਂ ਇੱਕ ਪੱਤਰ ਲਿਖ ਕੇ ਸਥਾਨਕ ਪੁਲਸ ਨੂੰ ਸੂਚਿਤ ਕੀਤਾ ਗਿਆ ਸੀ ਕਿ ਤਰਲੋਕ ਸਿੰਘ ਉਰਫ਼ ਬਿੱਟੂ ਵਾਸੀ ਸਰਹਿੰਦ ਜੋ ਕਿ ਐੱਨਡੀਪੀਐੱਸ ਐਕਟ ਤਹਿਤ ਪਟਿਆਲਾ ਜੇਲ ਵਿਖੇ 10 ਸਾਲ ਦੀ ਕੈਦ ਕੱਟ ਰਿਹਾ ਹੈ ਜਿਸ ਨੂੰ ਬੀਤੀ 30 ਅਕਤੂਬਰ ਨੂੰ 8 ਹਫਤਿਆਂ ਦੀ ਪੈਰੋਲ (ਛੁੱਟੀ) 'ਤੇ ਜੇਲ 'ਚੋਂ ਰਿਹਾਅ ਕੀਤਾ ਗਿਆ ਸੀ, ਦੀ ਜੇਲ 'ਚ ਵਾਪਸੀ 26/12/24 ਨੂੰ ਬਣਦੀ ਸੀ ਪਰ ਉਕਤ ਕੈਦੀ ਨਿਸਚਿਤ ਸਮੇਂ 'ਤੇ ਜੇਲ 'ਚ ਹਾਜ਼ਰ ਨਹੀਂ ਹੋਇਆ ਤੇ ਭਗੌੜਾ ਹੋ ਗਿਆ।ਸੁਪਰਡੈਂਟ ਕੇਂਦਰੀ ਜੇਲ ਪਟਿਆਲਾ ਦੀ ਸ਼ਿਕਾਇਤ 'ਤੇ ਤਰਲੋਕ ਸਿੰਘ ਉਰਫ ਬਿੱਟੂ ਵਿਰੁੱਧ ਅ/ਧ ਦੀ ਪੰਜਾਬ ਗੁੱਡ ਕੰਡਕਟ ਪ੍ਰਿਜ਼ਨਰਜ਼ ਐਕਟ ਦੀ ਧਾਰਾ 8(2), 9 ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਸਰਹਿੰਦ ਦੀ ਪੁਲਸ ਨੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਪਿੰਡਾਂ 'ਚ ਲਾਮਬੰਦੀ ਮੀਟਿੰਗਾਂ ਜਾਰੀ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਬੁਰਜ ਸਾਹਿਬ ਧਾਰੀਵਾਲ ਦੇ ਪਿੰਡ ਤਲਵੰਡੀ ਬਥੁੱਨਗੜ੍ਹ, ਭਿਖਾਰੀ ਹਾਰਨੀ, ਪਿੰਡ ਸਰਸਪੁਰ ਤੇ ਸਹਾਇਪੁਰ ਵਿੱਚ ਜ਼ੋਨ ਪ੍ਰਧਾਨ ਹਰਚਰਨ ਸਿੰਘ ਅਤੇ ਸਕੱਤਰ ਸਤਨਾਮ ਸਿੰਘ ਖਾਨਮਲਕ ਅਤੇ ਖਜਾਨਚੀ ਅਮਰੀਕ ਸਿੰਘ ਸਰਸਪੁਰ ਵਲੋਂ ਮੀਟਿੰਗਾਂ ਕਰਕੇ ਇਕਾਈਆਂ ਦੇ ਆਗੂਆਂ ਨੂੰ ਹੱਕਾਂ ਦੀ ਪ੍ਰਾਪਤੀ ਲਈ ਆਉਣ ਵਾਲੇ ਸੰਘਰਸ਼ਾਂ ਬਾਰੇ ਜਾਣਕਾਰੀ ਦਿੱਤੀ ਅਤੇ ਤਿਆਰੀਆਂ ਸਬੰਧੀ ਜਾਗਰੂਕ ਕੀਤਾ।

ਇਸ ਸਬੰਧੀ ਜ਼ੋਨ ਪ੍ਰਧਾਨ ਹਰਚਰਨ ਸਿੰਘ ਅਤੇ ਸਕੱਤਰ ਸਤਨਾਮ ਸਿੰਘ ਖਾਨਮਲਕ ਨੇ ਦੱਸਿਆ ਕਿ ਹੱਕੀ ਮੰਗਾਂ ਲੈਣ ਲਈ ਸੰਘਰਸ਼ ਨੂੰ ਹੋਰ ਤਿੱਖਾ ਲਈ ਪਿੰਡ ਪੱਧਰੀ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਵੱਲੋਂ ਜ਼ੋਨ ਬੁਰਜ ਸਾਹਿਬ ਦੇ ਕਰੀਬ ਅੱਠ ਪਿੰਡਾਂ ਵਿੱਚ ਮੀਟਿੰਗਾਂ ਕਰਕੇ 26 ਜਨਵਰੀ ਨੂੰ ਟਰੈਕਟਰ ਮਾਰਚ ਕਰਨ ਅਤੇ ਆਉਣ ਵਾਲੇ ਸੰਘਰਸ਼ਾਂ ਸਬੰਧੀ ਜਾਣਕਾਰੀ ਦਿੱਤੀ ਅਤੇ ਤਿਆਰੀਆਂ ਸਬੰਧੀ ਵਿਚਾਰ ਚਰਚਾ ਕੀਤੀ ਗਈ ਹੈ। ਪਿੰਡ ਸਹਾਇਪੁਰ ਮੀਟਿੰਗ ਵਿੱਚ ਜਥੇਬੰਦੀ ਦੇ ਸੂਬਾ ਆਗੂ ਹਰਵਿੰਦਰ ਸਿੰਘ ਮਸਾਣੀਆ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਕੇ ਆਉਣ ਵਾਲੇ ਸੰਘਰਸ਼ਾਂ ਲਈ ਤਿਆਰੀਆਂ ਕੱਸਣ ਲਈ ਲਾਮਬੰਦ ਕੀਤਾ। ਮੀਟਿੰਗਾਂ ਵਿੱਚ ਵੱਖ-ਵੱਖ ਪਿੰਡਾਂ ਦੀਆਂ ਇਕਾਈਆਂ ਦੇ ਆਗੂਆਂ ਵਿੱਚ ਅਜੀਤ ਸਿੰਘ ਗਿੱਲਮੰਜ, ਖਜਾਨਚੀ ਅਮਰੀਕ ਸਿੰਘ ਸਰਸਪੁਰ, ਹੇਮ ਸਿੰਘ, ਹਰਵਿੰਦਰ ਸਿੰਘ, ਪ੍ਰਧਾਨ ਜੋਗਿੰਦਰ ਸਿੰਘ ਤਲਵੰਡੀ, ਗੁਰਿੰਦਰ ਸਿੰਘ, ਹਰਪਾਲ ਸਿੰਘ, ਭਜਨ ਸਿੰਘ, ਜਸਵਿੰਦਰ ਸਿੰਘ, ਗੁਰਨਾਮ ਸਿੰਘ, ਪ੍ਰੀਤਮ ਸਿੰਘ, ਪ੍ਰਧਾਨ ਕਮਲਜੀਤ ਸਿੰਘ, ਬਾਬਾ ਫੌਜਾ ਸਿੰਘ, ਪ੍ਰਧਾਨ ਰਜਿੰਦਰ ਸਿੰਘ, ਰਣਜੀਤ ਸਿੰਘ, ਦਿਲਬਾਗ ਸਿੰਘ, ਸੁਖਵਿੰਦਰ ਸਿੰਘ ਸਰਸਪੁਰ, ਪ੍ਰਧਾਨ ਗੁਰਮੀਤ ਸਿੰਘ, ਸੁਰਜੀਤ ਸਿੰਘ ਆਦਿ ਸ਼ਾਮਲ ਸਨ।

ਗੁਰਦੁਆਰਾ ਟਾਹਲਾ ਸਾਹਿਬ ਵਿਖੇ ਅਖੰਡ ਪਾਠਾਂ ਦੀ ਲੜੀ ਆਰੰਭ

ਮੱਤੇਵਾਲ (ਦਵਿੰਦਰ ਸਿੰਘ ਤਰਸਿੱਕਾ)- ਗੁਰਦੁਆਰਾ ਟਾਹਲਾ ਸਾਹਿਬ ਕੋਟ ਖਹਿਰਾ ਰੋਡ ਤਰਸਿੱਕਾ ਵਿਖੇ ਧੰਨ-ਧੰਨ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ਼ਹੀਦ ਭਾਈ ਅਜੀਤ ਸਿੰਘ ਅਤੇ ਸੰਤ ਬਾਬਾ ਕਰਮ ਸਿੰਘ ਜੀ ਦੀ ਮਿੱਠੀ ਯਾਦ ਵਿੱਚ 39ਵਾਂ ਸਲਾਨਾ ਜੋੜ ਮੇਲਾ 13 ਫਰਵਰੀ ਨੂੰ ਮਨਾਇਆ ਜਾ ਰਿਹਾ ਹੈ।ਗੁਰਦੁਆਰਾ ਟਾਹਲਾ ਸਾਹਿਬ ਵਿਖੇ ਪਿਛਲੀ 14 ਜਨਵਰੀ ਤੋਂ ਸ਼੍ਰੀ ਅਖੰਡ ਪਾਠ ਸਾਹਿਬਾਂ ਦੀ ਲੜੀ ਆਰੰਭ ਕੀਤੀ ਗਈ ਸੀ ਜਿਨ੍ਹਾਂ ਦੇ ਭੋਗ 13 ਫਰਵਰੀ ਦਿਨ ਵੀਰਵਾਰ ਨੂੰ ਪੈਣਗੇ ਅਤੇ ਇਸ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਇਆ ਜਾਏਗਾ।ਸਮਾਗਮ ਵਿੱਚ ਧਾਰਮਿਕ ਜਥੇਬੰਦੀਆਂ ਤੋਂ ਇਲਾਵਾ ਸੰਤ ਮਹਾਂਪੁਰਸ਼ ਵੀ ਇਸ ਸਮਾਗਮ ਵਿੱਚ ਹਾਜ਼ਰੀ ਭਰਨਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਈ ਭੁਪਿੰਦਰ ਸਿੰਘ ਤਰਸਿੱਕਾ ਨੇ ਦੱਸਿਆ ਕਿ ਕਿ ਇਸ ਸਮਾਗਮ ਵਿੱਚ ਸੰਤ ਬਾਬਾ ਜੋਗਾ ਸਿੰਘ ਜੀ ਮਿਸਲ ਸ਼ਹੀਦਾਂ ਤਰਨਾ ਦਲ, ਬਾਬਾ ਮੇਜਰ ਸਿੰਘ ਜੀ ਸੋਢੀ, ਬਾਬਾ ਗੁਰਦੀਪ ਸਿੰਘ ਖੁਜਾਲੇ ਵਾਲੇ, ਬਾਬਾ ਕਵਲਜੀਤ ਸਿੰਘ ਨਾਗੀਆਣਾ ਸਾਹਿਬ, ਬਾਬਾ ਗੁਰਦੇਵ ਸਿੰਘ, ਬਾਬਾ ਜੈ ਸਿੰਘ ਸਮੇਤ ਸੰਤ ਮਹਾਂਪੁਰਸ਼ ਸਮਾਗਮ ਵਿੱਚ ਹਾਜ਼ਰੀ ਭਰਨਗੇ।

ਪ੍ਰੀਤ ਇੰਦਰ ਸਿੰਘ ਬੈਂਸ ਨੇ ਐੱਸਡੀਐੱਮ ਭਿੱਖੀਵਿੰਡ ਵਜੋਂ ਅਹੁਦਾ ਸੰਭਾਲਿਆ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਸਬ-ਡਵੀਜ਼ਨ ਭਿੱਖੀਵਿੰਡ ਦੇ ਨਵ-ਨਿਯੁਕਤ ਐੱਸਡੀਐੱਮ ਪ੍ਰੀਤ ਇੰਦਰ ਸਿੰਘ ਬੈਂਸ ਨੇ ਅਹੁਦਾ ਸੰਭਾਲ ਕੇ ਕੰਮ-ਕਾਜ ਆਰੰਭ ਕਰ ਦਿੱਤਾ ਹੈ।ਚਾਰਜ ਸੰਭਾਲਣ ਤੇ ਨਾਇਬ ਤਹਿਸੀਲਦਾਰ ਰਾਜ ਪ੍ਰਿਤਪਾਲ ਸਿੰਘ ਤੇ ਸੁਪਰਡੈਂਟ ਅਨਿਲ ਕੁਮਾਰ ਨੇ ਉਨ੍ਹਾਂ ਦਾ ਸਵਾਗਤ ਕੀਤਾ।ਦੱਸਣਯੋਗ ਹੈ ਕਿ ਐੱਸਡੀਐੱਮ ਪ੍ਰੀਤ ਇੰਦਰ ਸਿੰਘ ਬੈਂਸ ਮੋਹਾਲੀ 'ਚ ਬਤੌਰ ਐੱਸਡੀਐੱਮ ਸੇਵਾਵਾਂ ਨਿਭਾਉਣ ਮਗਰੋਂ ਐੱਸਡੀਐੱਮ ਗੁਰਦੇਵ ਸਿੰਘ ਧੰਮ ਦੀ ਥਾਂ ਤੇ ਭਿੱਖੀਵਿੰਡ ਆਏ ਹਨ। ਇਸ ਮੌਕੇ ਐੱਸਡੀਐੱਮ ਪ੍ਰੀਤ ਇੰਦਰ ਸਿੰਘ ਬੈਂਸ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਿੱਖੀਵਿੰਡ ਸਬ-ਡਵੀਜ਼ਨ ਦਾ ਵਿਕਾਸ ਪਹਿਲ ਦੇ ਆਧਾਰ ਤੇ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਸਰਕਾਰ ਪਾਸੋਂ ਪ੍ਰਾਪਤ ਹੋਈਆਂ ਹਦਾਇਤਾਂ ਅਨੁਸਾਰ ਆਮ ਲੋਕਾਂ ਨੂੰ ਨਾਗਰਿਕ ਸੇਵਾਵਾਂ ਪਹੁੰਚਾਉਣ ਅਤੇ ਲੋਕ ਭਲਾਈ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਪਹੁੰਚਾਉਣ ਨੂੰ ਤਰਜੀਹ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕੰਮ-ਕਾਜ ਦੇ ਸਿਲਸਿਲੇ ਵਿੱਚ ਦਫ਼ਤਰ ਆਉਣ ਵਾਲੇ ਹਰ ਇੱਕ ਵਿਅਕਤੀ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ।ਇਸ ਮੌਕੇ ਰਜਿਸਟਰੀ ਕਲਰਕ ਸਵਿੰਦਰ ਸਿੰਘ, ਟੀਏ ਮਨਿੰਦਰ ਸਿੰਘ, ਉਪਰੇਟਰ ਜੋਗਾ ਸਿੰਘ, ਰੀਡਰ ਜਗਰੂਪ ਸਿੰਘ, ਬਿੱਲ ਕਲਰਕ ਇਕਬਾਲ ਸਿੰਘ, ਸਾਥੀ ਦਵਿੰਦਰ ਸਿੰਘ, ਸਾਥੀ ਗੁਰਮੀਤ ਸਿੰਘ, ਵਸੀਕਾ ਨਵੀਸ, ਅਸ਼ਟਾਮ ਫਰੋਸ਼ ਤੇ ਟਾਈਪ ਰਾਈਟਰ ਯੂਨੀਅਨ ਭਿੱਖੀਵਿੰਡ ਦੇ ਪ੍ਰਧਾਨ ਅਨੂੰ ਸ਼ਰਮਾ, ਮੈਂਬਰ ਸੰਦੀਪ ਧਵਨ, ਮਾਣਕ ਧਵਨ, ਸੰਜੀਵ ਧਵਨ, ਗੁਰਜੰਟ ਸਿੰਘ, ਮੰਨਾ ਨੰਬਰਦਾਰ, ਪ੍ਰਧਾਨ ਦਰਸ਼ਨ ਸਿੰਘ ਪਟਵਾਰੀ, ਟਾਈਪ ਰਾਈਟਰ ਰਣਬੀਰ ਸਿੰਘ, ਮਲਕੀਤ ਸਿੰਘ ਪਹੂਵਿੰਡ ਆਦਿ ਹਾਜ਼ਰ ਸਨ।

ਸਾਂਸਦ ਗੁਰਜੀਤ ਸਿੰਘ ਔਜਲਾ ਨਾਲ ਗਹਿਰੇ ਦੁੱਖ ਦਾ ਇਜ਼ਹਾਰ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਦੇ ਗ੍ਰਹਿ ਵਿਖੇ ਉਨ੍ਹਾਂ ਦੀ ਮਾਤਾ ਦੇ ਸਰਗਵਾਸ ਹੋ ਜਾਣ ਕਾਰਨ ਦੁੱਖ ਵਿੱਚ ਸ਼ਾਮਲ ਹੋਣ ਲਈ ਪੁੱਜੇ। ਉਨ੍ਹਾਂ ਔਜਲਾ ਨਾਲ ਗਹਿਰਾ ਦੁੱਖ ਜ਼ਾਹਿਰ ਕਰਦਿਆ ਕਿਹਾ ਕਿ ਮਾਂ ਵਰਗਾ ਰਿਸ਼ਤਾ ਪ੍ਰਮਾਤਮਾ ਨੇ ਕਿਧਰੇ ਹੋਰ ਨੀ ਬਣਾਇਆ ਤੇ ਮਾਂ ਹੀ ਪ੍ਰਮਾਤਮਾ ਦਾ ਦੂਜਾ ਰੂਪ ਹੈ।ਉਨ੍ਹਾਂ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ।ਇਸ ਮੌਕੇ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨਾਲ ਸਕੱਤਰ ਦਿਲਜੀਤ ਸਿੰਘ ਬੇਦੀ ਤੇ ਹੋਰ ਅਨੇਕਾਂ ਅਕਾਲੀ ਫੌਜਾਂ ਹਾਜ਼ਰ ਸਨ।

'ਪ੍ਰਭੂ ਵਰਦਾਨ ਕੈਂਪ' ਦਾ ਸਫਲ ਆਯੋਜਨ

ਅੰਮ੍ਰਿਤਸਰ (ਜਗਦੀਸ਼ ਕਮਲੇਸ਼)-10 ਸਾਲਾਂ ਤੋਂ ਲਗਾਤਾਰ ਖੱਤਰੀ ਸਭਾ ਅਤੇ ਖੱਤਰੀ ਸਭਾ ਮਹਿਲਾ ਮੰਡਲ ਵੱਲੋਂ ਲੋੜਮੰਦਾਂ ਨੂੰ ਕੱਪੜੇ ਤੇ ਹੋਰ ਜ਼ਰੂਰੀ ਚੀਜ਼ਾਂ ਵੰਡਣ ਤੋਂ ਬਾਅਦ ਹੁਣ ਸਿੱਧੀ ਵਿਨਾਯਕ ਮੰਦਰ ਵਿੱਚ ਪ੍ਰਭੂ ਵਰਦਾਨ ਕੈਂਪ ਦਾ ਸਫਲ ਆਯੋਜਨ ਖਤਰੀ ਸਭਾ ਦੀ ਜਗਦੀਸ਼ ਅਰੋੜਾ, ਡਾ. ਸਵਰਾਜ ਗਰੋਵਰ, ਸੁਨੀਲ ਧੰਨਾ ਅਤੇ ਖੱਤਰੀ ਸਭਾ ਦੇ ਦਿਨੇਸ਼ ਧੰਨਾ ਦੀ ਅਗਵਾਈ ਹੇਠ ਕੀਤਾ ਗਿਆ ਜਿਸ ਵਿੱਚ ਠੰਡ ਤੋਂ ਬਚਣ ਵਾਸਤੇ ਲੋੜਮੰਦ ਲੋਕਾਂ ਨੂੰ ਗਰਮ ਕੱਪੜੇ ਵੰਡੇ ਗਏ।ਇਸ ਕੈਂਪ ਵਿੱਚ ਮਧੂ ਖੰਨਾ, ਪ੍ਰਭੂ ਵਰਦਾਨ ਕੈਂਪ ਦੇ ਚੇਅਰਮੈਨ ਸਤੀਸ਼ ਬਧਵਾਰ, ਦੀਪਕ ਰਾਏ ਮਹਿਰਾ, ਡੌਲੀ ਭਾਟੀਆ, ਪ੍ਰਿੰ. ਡਾ. ਸਵਿਤਾ ਸਚਦੇਵਾ, ਡਾ. ਪ੍ਰੋ. ਚੇਹਨੀ ਖੰਨਾ, ਬੈਂਕ ਅਫਸਰ ਸਰੋਜ ਚਾਵਲਾ, ਸੁਧੀਰ ਕਪਾਹੀ, ਅੰਜੂ ਖੰਨਾ, ਰਾਕੇਸ਼ ਸੇਠ, ਐਡ. ਵਿਪਨ, ਸੁਧੀਰ ਮੇਹਰਾ, ਰਾਕੇਸ਼ ਕੁੰਦਰਾ, ਰਾਕੇਸ਼ ਸੇਨ, ਸ਼ਾਮ ਸੁੰਦਰ ਕਪੂਰ, ਜਨਕ ਜੈਸੀ, ਮੋਜੀਤ, ਵੀਨਾ ਕਪੂਰ, ਰੀਨਾ ਟੰਡਨ, ਸਜਵਿੰਦਰ, ਜੇਤੀ ਅਤੇ ਹੋਰ ਮੈਂਬਰਾਂ ਨੇ ਇਸ ਕੈਂਪ ਵਿੱਚ ਸ਼ਾਮਿਲ ਹੋ ਕੇ ਇਸ ਨੂੰ ਸਫਲਤਾ ਦੀਆਂ ਉੱਚਾਈਆਂ 'ਤੇ ਪਹੁੰਚਾਇਆ।ਪ੍ਰਭੂ ਵਰਦਾਨ ਕੈਂਪ ਦੇ ਕੋ-ਚੇਅਰਮੈਨ ਸਤੀਸ਼ ਬਧਵਾਰ ਨੇ ਦੱਸਿਆ ਕਿ ਅਗਲਾ ਕੈਂਪ 26 ਫਰਵਰੀ ਸ਼ਿਵਰਾਤਰੀ ਵਾਲੇ ਦਿਨ ਲੋਹਾਰਕਾ ਰੋਡ 'ਤੇ ਬੜੇ ਵੱਡੇ ਪੱਧਰ 'ਤੇ ਲਗਾਇਆ ਜਾਵੇਗਾ।

ਸੜਕ ਦੀ ਖਸਤਾ

21-Jan-PAGE-12.qxd 1/20/2025 10:38 PM Page 1

ਗੈਂਸਟਰ ਲੰਡਾ ਤੇ ਜੈਸਲ ਦੇ 2 ਗੁਰਗੇ ਨਜਾਇਜ਼ ਹਥਿਆਰਾਂ ਸਮੇਤ ਗ੍ਰਿਫ਼ਤਾਰ

ਮੋਹਾਲੀ (ਗੁਰਜੀਤ ਬਿੱਲਾ)

ਸਥਾਨਕ ਪੁਲਸ ਨੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਲੁੱਟ-ਖੋਹ ਅਤੇ ਫਰੌਤੀ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਗੈਂਗਸਟਰ ਲਖਵੀਰ ਸਿੰਘ ਲੰਡਾ ਅਤੇ ਗੁਰਦੇਵ ਸਿੰਘ ਉਰਫ ਜੱਸਲ ਉਰਫ ਜੈਸਲ ਦੇ 2 ਗੁਰਗਿਆਂ ਨੂੰ ਨਜਾਇਜ਼ ਹਥਿਆਰਾਂ ਸਮੇਤ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਐੱਸ ਐੱਸ ਪੀ ਦੀਪਕ ਪਾਰਿਕ ਨੇ ਕਿ 8 ਜਨਵਰੀ ਨੂੰ ਏਕਮਦੀਪ ਸਿੰਘ ਬਰਾੜ ਪੁੱਤਰ ਪੁਸ਼ਪਿੰਦਰ ਸਿੰਘ ਬਰਾੜ ਵਾਸੀ ਪਟਿਆਲਾ, ਆਪਣੇ ਦੋਸਤ ਨਾਲ ਉਸਦੀ ਕਾਰ ਨੰ: ਪੀ.ਬੀ.34-ਬੀ-2354 ਮਾਰਕਾ 'ਤੇ ਸਵਾਰ ਹੋ ਕੇ ਪਟਿਆਲਾ ਤੋਂ ਚੰਡੀਗੜ੍ਹ ਵੱਲ ਜਾ ਰਹੇ ਸੀ ਤਾਂ 3 ਨਾ-ਮਾਲੂਮ ਲੜਕੇ ਉਹਨਾਂ ਦਾ ਪਿੱਛਾ ਕਰ ਰਹੇ ਸਨ ਜਿਹਨਾਂ ਨੇ ਏਅਰਪੋਰਟ ਰੋਡ 'ਤੇ ਜੀ.ਐਮ.ਆਈ ਬੋਰਡ ਕੋਲ ਉਹਨਾਂ ਦੀ ਗੱਡੀ ਅੱਗੇ ਮੋਟਰਸਾਇਕਲ ਲਾ ਕੇ ਆਪਣੇ ਨਜਾਇਜ ਹਥਿਆਰਾਂ ਨਾਲ ਜਾਨੋਂ ਮਾਰਨ ਦੀ ਨੀਅਤ ਅਤੇ ਕਾਰ ਖੋਹਣ ਲਈ ਉਹਨਾਂ 'ਤੇ ਸਿੱਧੀ ਫਾਇਰਿੰਗ ਕਰ ਦਿੱਤੀ, ਜੋ ਇੱਕ ਫਾਇਰ ਉਸਦੇ ਕਨੈਕਟਰ ਸਾਈਡ ਬੈਠੇ ਦੋਸਤ ਦੇ ਖੱਬੇ ਮੋਢੇ ਪਰ ਵੱਜਿਆ ਅਤੇ ਇੱਕ ਫਾਇਰ ਉਸਦੀ ਪਿੱਠ ਤੇ ਅਤੇ ਬਾਕੀ ਫਾਇਰ ਗੱਡੀ 'ਤੇ ਲੱਗੇ। ਇਸ ਤੋਂ ਬਾਅਦ ਇਹ ਵਿਅਕਤੀ ਮੋਟਰਸਾਇਕਲ ਤੇ ਫਰਾਰ ਹੋ ਗਏ। ਇਨ੍ਹਾਂ ਖਿਲਾਫ ਮੁੱਕਦਮਾ ਨੰਬਰ 05 ਮਿਤੀ 08.01.2025 ਅ/ਧ 109, 126 (2), 3 (5) ਬੀ.ਐੱਨ.ਐੱਸ ਅਤੇ 25-54-59 ਆਰਮਜ਼ ਐਕਟ ਥਾਣਾ ਆਈ.ਟੀ.ਸਿਟੀ ਦਰਜ ਕੀਤਾ ਗਿਆ। ਉਕਤ ਵਾਰਦਾਤ ਨੂੰ ਟਰੇਸ ਕਰਨ ਲਈ ਸ੍ਰੀਮਤੀ ਜੋਤੀ ਯਾਦਵ ਆਈ.ਪੀ.ਐਸ. ਕਪਤਾਨ ਪੁਲਸ (ਇੰਨਵੈਸਟੀਗੇਸਨ), ਤਲਵਿੰਦਰ ਸਿੰਘ ਪੀ.ਪੀ.ਐਸ. ਉਪ-ਕਪਤਾਨ ਪੁਲਸ (ਇੰਨਵੈਸਟੀਗੇਸਨ) ਦੀ ਨਿਗਰਾਨੀ ਹੇਠ ਇੰਸ: ਹਰਮਿੰਦਰ ਸਿੰਘ ਇੰਚਾਰਜ ਸੀ.ਆਈ.ਏ. ਸਟਾਫ ਦੀ ਟੀਮ ਬਣਾਈ ਗਈ। ਜਿਸ 'ਤੇ ਟੀਮ ਵੱਲੋਂ ਕੜੀ ਨਾਲ ਕੜੀ ਜੋੜਦੇ ਹੋਏ ਟੈਕਨੀਕਲ ਅਤੇ ਹਿਊਮਨ ਸੋਰਸਾਂ ਦੀ ਮਦਦ ਨਾਲ ਦੋਸ਼ੀਆਂ ਦਾ ਪਿੱਛਾ ਕਰਦੇ ਹੋਏ, ਮੁਕੱਦਮਾ ਵਿੱਚ 03 ਨਾ-ਮਾਲੂਮ ਦੋਸ਼ੀਆਂ ਨੂੰ ਨਾਮਜਦ ਕਰਕੇ 02 ਦੋਸ਼ੀਆਂ ਨੂੰ ਨਜਾਇਜ਼ ਹਥਿਆਰਾਂ ਸਮੇਤ ਗ੍ਰਿਫਤਾਰ ਕਰ ਲਿਆ ਹੈ।

ਸੇਂਟ ਸੋਲਜਰ ਗਰੁੱਪ ਦੇ ਵਿਦਿਆਰਥੀਆਂ ਵੱਲੋਂ ਫੈਮਿਲੀ ਡੇਅ 'ਤੇ ਦਿੱਤਾ ਏਕਤਾ ਸੰਦੇਸ਼

ਜਲੰਧਰ (ਇਕਬਾਲ ਸਿੰਘ ਉਭੀ) ਸੇਂਟ ਸੋਲਜਰ ਗਰੁੱਪ ਦੀਆਂ ਸਕੂਲ ਸ਼ਾਖਾਵਾਂ ਨੇ ਗਲੋਬਲ ਫੈਮਿਲੀ ਡੇਅ 'ਤੇ ਪ੍ਰੋਗਰਾਮ ਦਾ ਆਯੋਜਨ ਕੀਤਾ।ਇਸ ਦੌਰਾਨ ਵਿਦਿਆਰਥੀਆਂ ਨੇ ਇੱਕ ਚੇਨ ਬਣਾ ਕੇ ਮਨੁੱਖੀ ਏਕਤਾ ਦਾ ਸੰਦੇਸ਼ ਦਿੱਤਾ।ਇਹ ਦਿਨ ਸਕੂਲ ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਵੱਲੋਂ ਮਨਾਇਆ ਗਿਆ।ਇਸਦਾ ਮੁੱਖ ਉਦੇਸ਼ ਪੂਰੀ ਦੁਨੀਆ ਵਿੱਚ ਆਪਸੀ ਪਿਆਰ ਅਤੇ ਸ਼ਾਂਤੀ ਫੈਲਾਉਣਾ ਸੀ। ਇਸ ਮੌਕੇ ਗਰੁੱਪ ਵਾਈਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਕਿਹਾ ਕਿ ਧਰਤੀ ਇੱਕ ਗਲੋਬਲ ਪਰਿਵਾਰ ਹੈ ਅਤੇ ਸਾਨੂੰ ਸਾਰਿਆਂ ਨੂੰ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਧਰਤੀ 'ਤੇ ਹਰ ਕੋਈ ਬਿਨਾਂ ਕਿਸੇ ਡਰ ਦੇ ਇਕੱਠੇ ਰਹਿ ਸਕੇ।ਉਨ੍ਹਾਂ ਵਿਦਿਆਰਥੀਆਂ ਨੂੰ ਲੋੜਵੰਦ ਲੋਕਾਂ ਨਾਲ ਖੁਸ਼ੀ ਸਾਂਝੀ ਕਰਨ ਅਤੇ ਉਨ੍ਹਾਂ ਦੀ ਮਦਦ ਕਰਨ ਲਈ ਪ੍ਰੇਰਿਤ ਕੀਤਾ।

ਸੰਵਿਧਾਨ ਖਿਲਾਫ ਟਿੱਪਣੀਆਂ ਆਦਿ ਧਰਮੀਆਂ, ਬਹੁਜਨਾਂ ਦੇ ਹੱਕਾਂ ਲਈ ਗੰਭੀਰ ਖਤਰਾ : ਸੰਤ ਸਤਵਿੰਦਰ ਹੀਰਾ, ਸੰਤ ਸਰਵਣ ਦਾਸ

ਹੁਸ਼ਿਆਰਪੁਰ (ਓ ਪੀ ਰਾਣਾ)

ਸੰਤ ਸਰਵਣ ਦਾਸ ਜੀ ਸਲੇਮਟਾਵਰੀ ਕੌਮੀ ਪ੍ਰਧਾਨ ਆਦਿ ਧਰਮ ਸਾਧੂ ਸਮਾਜ, ਸੀਨੀ.ਮੀਤ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਅਤੇ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਨੇ ਭਾਰਤੀ ਸੰਵਿਧਾਨ ਅਤੇ ਭਾਰਤ ਦੀ ਅਜਾਦੀ ਖਿਲਾਫ ਆਰ ਐਸ ਐਸ ਮੁੱਖੀ ਮੋਹਣ ਭਾਗਵਤ ਦੀਆਂ ਟਿੱਪਣੀਆਂ ਦਾ ਸਖਤ ਵਿਰੋਧ ਕਰਦਿਆਂ ਕਿਹਾ ਕਿ ਇਹ ਦੇਸ਼ ਦੇ ਕਰੋੜਾਂ ਮੂਲ ਨਿਵਾਸੀ , ਆਦਿ ਧਰਮੀਆਂ ਦੇ ਸੰਵਿਧਾਨਕ ਅਧਿਕਾਰਾਂ ਲਈ ਗੰਭੀਰ ਚਣੌਤੀ ਅਤੇ ਖਤਰਾ ਹਨ। ਓਨਾਂ ਭਾਗਵਤ ਵਲੋਂ ਦੇਸ਼ ਦੀ ਅਜਾਦੀ ਸਬੰਧੀ ਦਿੱਤੇ ਬਿਆਨ ਨੂੰ ਮੰਦਭਾਗਾ ਦੱਸਦਿਆਂ ਕਿਹਾ ਕਿ ਆਰ ਐਸ ਐਸ ਮੁੱਖੀ ਦੇ ਬਿਆਨ ਨਾਲ ਭਾਰਤੀ ਸੰਵਿਧਾਨ ਅਤੇ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਅੰਬੇਡਕਰ ਦੇ ਨਾਲ ਨਾਲ ਦੇਸ਼ ਦੀ ਅਜਾਦੀ ਲਈ ਕੁਰਬਾਨੀਆਂ ਕਰਨ ਵਾਲੇ ਅਜਾਦੀ ਗੁਲਾਟੀਏ ਅਤੇ ਸ਼ਹੀਦ ਸ਼ਹੀਦੇ ਆਜਮ ਭਗਤ ਸਿੰਘ, ਸ਼ਹੀਦ ਚੰਦਰ ਸ਼ੇਖਰ ਆਜ਼ਾਦ, ਸ਼ਹੀਦ ਉਧਮ ਸਿੰਘ ਵਰਗੇ ਅਨੇਕਾਂ ਸ਼ਹੀਦਾਂ ਦਾ ਅਪਮਾਨ ਹੋਇਆ ਹੈ। ਓਨਾਂ ਕਿਹਾ ਕਿ ਭਾਗਵਤ ਵਲੋਂ ਬਾਰ ਬਾਰ ਸੰਵਿਧਾਨ ਪ੍ਰਤੀ ਟਿਪਣੀਆਂ

ਕਰਣੀਆਂ ਇਹ ਸਾਬਤ ਕਰਦਾ ਹੈ ਕਿ ਆਰ ਐਸ ਐਸ ਸੰਵਿਧਾਨ ਪ੍ਰਤੀ ਇਮਾਨਦਾਰ ਨਹੀਂ ਹਨ। ਸੰਤ ਸਰਵਣ ਦਾਸ, ਸੰਤ ਸਤਵਿੰਦਰ ਹੀਰਾ ਨੇ ਕਿਹਾ ਦੇਸ਼ ਦੇ ਕਰੋੜਾਂ ਦਲਿਤਾਂ, ਪੱਛੜਿਆਂ , ਆਦਿ ਧਰਮੀਆਂ ਦੇ ਸੰਵਿਧਾਨਕ ਹੱਕਾਂ ਲਈ ਬਾਬੂ ਮੰਗੂ ਰਾਮ ਮੁਗੋਵਾਲੀਆ, ਮਹਾਤਮਾ ਜੋਤੀਬਾ ਫੂਲੇ , ਪੈਰੀਅਰ ਰਾਮਾ ਸਵਾਮੀ ਨਾਈਕਰ, ਸ਼ਾਹੂ ਜੀ ਛਤਰਪਤੀ ਵਰਗੇ ਅਨੇਕਾਂ ਵਿਦਵਾਨਾਂ ਨੇ ਵੱਡੇ ਸੰਘਰਸ਼ ਕੀਤੇ ਅਤੇ ਬਾਬਾ ਸਾਹਿਬ ਨੇ ਦੁਨੀਆਂ ਦੇ ਸਭ ਤੋਂ ਬਿਹਤਰ ਤੇ ਮਹਾਨ ਸੰਵਿਧਾਨ ਦੀ ਰਚਨਾ ਕੀਤੀ ਜਿਸ ਤੋਂ ਇਨਾਂ ਕੌਮਾਂ ਨੂੰ ਪੜਾਈ, ਨੌਕਰੀ , ਮਕਾਨ , ਜਮੀਨ ਅਤੇ ਵੋਟ ਵਰਗੇ ਅਧਿਕਾਰ ਮਿਲੇ। ਸੰਤਾਂ ਮਹਾਂਪੁਰਸ਼ਾਂ ਨੇ ਭਾਰੀ ਚਿੰਤਾ ਜਾਹਿਰ ਕਰਦਿਆਂ ਕਿਹਾ ਕਿ ਦੇਸ਼ ਦੇ ਕਰੋੜਾਂ ਬਹੁਜਨਾਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਵਾਲੇ ਸੰਵਿਧਾਨ ਨੂੰ ਕਮਜ਼ੋਰ ਕਰਨ ਅਤੇ ਬਦਲਣ ਦੀਆਂ ਵਿਉਂਤਾਂ ਬਣਾਈਆਂ ਜਾ ਰਹੀਆਂ ਹਨ ਜਿਸਨੂੰ ਆਲ ਇੰਡੀਆ ਆਦਿ ਧਰਮ ਮਿਸ਼ਨ ਅਤੇ ਆਦਿ ਧਰਮੀ ਬਹੁਜਨ ਸਮਾਜ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ। ਉਨਾਂ ਬਹੁਜਨ ਸਮਾਜ ਦੇ ਹਿੱਤਾਂ ਤੇ ਹੱਕਾਂ ਲਈ ਸੰਘਰਸ਼ ਕਰ ਰਹੀਆਂ ਸਾਰੀਆਂ ਰਾਜਨੀਤਕ ਪਾਰਟੀਆਂ, ਗੈਰ ਰਾਜਨੀਤਕ ਧਾਰਮਿਕ, ਸਮਾਜਿਕ ਸੰਗਠਨਾਂ ਨੂੰ ਅਪੀਲ ਕੀਤੀ ਕਿ ਸੰਵਿਧਾਨ ਅਤੇ ਭਾਰਤ ਵਿਰੋਧੀ ਸ਼ਾਜਿਸ਼ਾਂ ਦੇ ਵਿਰੋਧ ਵਿੱਚ ਇਕ ਮੰਚ ,ਇਕ ਪਲੇਟਫਾਰਮ 'ਤੇ ਇਕੱਠੇ ਹੋ ਕੇ ਅਵਾਜ ਉਠਾਈ ਜਾਵੇ। ਇਸ ਮੌਕੇ ਸੰਤ ਧਰਮਪਾਲ ਸਟੇਜ ਸਕੱਤਰ ਗੁਰੂ ਰਵਿਦਾਸ ਸਾਧੂ ਸੰਪਰਦਾਇ, ਸੰਤ ਬਲਵੀਰ ਧਾਂਦਰਾ, ਸੰਤ ਬਲਬੀਰ ਮਹੇ ਵੀ ਹਾਜਰ ਸਨ।

35 ਲੱਖ ਦੀ ਲਾਗਤ ਨਾਲ ਬਣਿਆ ਬੱਸ ਅੱਡਾ ਚਾਲੂ ਨਹੀਂ ਹੋ ਸਕਿਆ

ਫਿਲੌਰ (ਨਿਰਮਲ)- ਅੱਜ ਤੋਂ ਲਗਭਗ 35-36 ਸਾਲ ਪਹਿਲਾਂ ਫਿਲੌਰ ਵਿਖੇ 35 ਲੱਖ ਰੁਪਏ ਦੀ ਲਾਗਤ ਨਾਲ ਬੱਸ ਅੱਡਾ ਬਣਾਇਆ ਗਿਆ ਸੀ। ਅਕਾਲੀ ਸਰਕਾਰ ਵੇਲੇ ਦੀ ਗੱਲ ਹੈ, ਸਰਵਣ ਸਿੰਘ ਫਿਲੌਰ ਉਸ ਵੇਲੇ ਅਕਾਲੀ ਦਲ ਦੇ ਵਿਧਾਇਕ ਅਤੇ ਮੰਤਰੀ ਸਨ। ਬੱਸ ਅੱਡਾ ਤਿਆਰ ਹੋ ਗਿਆ ਪਰ 35-36 ਸਾਲ ਬਾਅਦ ਵੀ ਅੱਜ ਤੱਕ ਚਾਲੂ ਨਹੀਂ ਹੋ ਸਕਿਆ, ਜਿਸ ਕਾਰਨ ਫਿਲੌਰ,ਅੱਪਰਾ,ਲਸਾੜਾ, ਨਗਰ, ਨਵਾਂ ਸ਼ਹਿਰ ਜਾਣ ਵਾਲੇ ਮੁਸਾਫਿਰਾਂ ਨੂੰ ਭਾਰੀ ਪ੍ਰੇਸ਼ਾਨੀ ਹੋ ਰਹੀ ਹੈ। ਖਾਸ ਕਰਕੇ ਵਿਦੇਸ਼ਾਂ ਤੋਂ ਆਉਣ ਵਾਲੇ ਫਿਲੌਰ ਇਲਾਕੇ ਦੇ ਐਨ.ਆਰ. ਆਈਜ ਬਹੁਤ ਦੁਖੀ ਹੁੰਦੇ ਹਨ। ਅੱਜ ਕੱਲ੍ਹ ਇਸ ਬੱਸ ਅੱਡੇ 'ਤੇ ਕੁਝ ਜੰਗਲੀ ਜਾਨਵਰਾਂ ਅਤੇ ਸਥਾਨਕ ਪੁਲਸ ਵਾਲਿਆਂ ਤੋਂ ਇਲਾਵਾ ਅਵਾਰਾ ਪਸ਼ੂਆਂ ਦਾ ਕਬਜ਼ਾ ਹੈ। ਫਿਲੌਰ ਇਲਾਕੇ ਦੇ ਲੋਕ ਬਹੁਤ ਪ੍ਰੇਸ਼ਾਨ ਹਨ ਕਹਿੰਦੇ ਹਨ 35 ਲੱਖ ਲਾਇਆ ਕਿਸੇ ਕੰਮ ਨਾ ਆਇਆ।

ਹਰਸ਼ਵਰਧਨ ਤੇ ਰਚਨਾ ਨੇ ਸਾਇੰਸ ਮੇਲੇ 'ਚ ਸਕੂਲ ਦਾ ਨਾਂਅ ਕੀਤਾ ਰੌਸ਼ਨ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)- ਸਰਕਾਰੀ ਹਾਈ ਸਕੂਲ ਕੰਧਾਲਾ ਜੱਟਾਂ ਦੇ ਸਾਇੰਸ ਮਾਸਟਰ ਭਰਤ ਤਲਵਾੜ ਦੀ ਅਗਵਾਈ ਵਿੱਚ ਨਸਰਾਲਾ ਵਿਖੇ ਜ਼ਿਲ੍ਹਾ ਪੱਧਰ 'ਤੇ ਹੋਏ ਸਾਇੰਸ ਮੇਲੇ ਵਿੱਚ ਤੀਸਰਾ ਸਥਾਨ ਹਾਸਲ ਕਰਨ ਵਾਲੇ ਅਤੇ ਪ੍ਰਿੰਸੀਪਲ ਰਾਜੇਸ਼ ਕੁਮਾਰ ਦੀ ਦੇਖਰੇਖ ਵਿੱਚ ਬਲਾਕ ਪੱਧਰ ਤੇ ਹੋਏ ਵਿਗਿਆਨ ਪ੍ਰਦਰਸ਼ਨੀ ਵਿੱਚ ਪਹਿਲਾ ਤੇ ਤੀਸਰਾ ਸਥਾਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਇੱਕ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਕੂਲ ਇੰਚਾਰਜ ਸ੍ਰੀਮਤੀ ਮਨਜੀਤ ਕੌਰ ਤੋਂ ਇਲਾਵਾ ਸਮੂਹ ਸਕੂਲ ਸਟਾਫ ਤੇ ਵਿਦਿਆਰਥੀ ਸ਼ਾਮਿਲ ਹੋਏ।ਸਮਾਰੋਹ ਨੂੰ ਸੰਬੋਧਨ ਕਰਦੇ ਹੋਏ ਸਾਇੰਸ ਮਾਸਟਰ ਭਰਤ ਤਲਵਾੜ ਨੇ ਕਿਹਾ ਕਿ ਜਿਹੜੇ ਵਿਦਿਆਰਥੀ ਆਪਣੀ ਪੜ੍ਹਾਈ ਦੇ ਨਾਲ ਨਾਲ ਸਾਇੰਸ ਪ੍ਰੈਕਟੀਕਲ ਵਿੱਚ ਰੁਚੀ ਰੱਖਦੇ ਹਨ ਉਹ ਵਿਦਿਆਰਥੀ ਹੀ ਉੱਚ ਸਿੱਖਿਆ ਹਾਸਿਲ ਕਰਕੇ ਆਪਣੀ ਮੰਜ਼ਿਲ ਪਾ ਲੈਂਦੇ ਹਨ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਡੀ.ਈ.ਓ ਸ਼੍ਰੀਮਤੀ ਲੱਲੀਤਾ ਅਰੋੜਾ ਦੇ ਨਿਰਦੇਸ਼ ਤਹਿਤ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਨਸਰਾਲਾ ਵਿਖੇ ਪ੍ਰਿੰਸੀਪਲ ਪਰਮਿੰਦਰ ਸ਼ਰਮਾ, ਜ਼ਿਲਾ ਕੋਆਰਡੀਨੇਟਰ ਸਾਇੰਸ ਅਸ਼ੋਕ ਕਾਲੀਆ ਅਤੇ ਜ਼ਿਲ੍ਹਾ ਰਿਸੋਰਸ ਕੋਆਰਡੀਨੇਟਰ ਅੰਕੁਰ ਸ਼ਰਮਾ ਦੀ

ਅਗਵਾਈ ਵਿੱਚ ਕਰਵਾਏ ਗਏ ਜ਼ਿਲ੍ਹਾ ਪੱਧਰੀ ਸਾਇੰਸ ਮੇਲੇ ਵਿੱਚ 9ਵੀਂ ਕਲਾਸ ਦੇ ਵਿਦਿਆਰਥੀ ਹਰਸ਼ ਵਰਧਨ ਨੇ ਤੀਸਰਾ ਸਥਾਨ ਹਾਸਲ ਕੀਤਾ। ਉਨ੍ਹਾਂ ਕਿਹਾ ਕਿ ਬੀ.ਐਨ.ਓ ਪ੍ਰਿੰਸੀਪਲ ਦੀ ਅਗਵਾਈ ਵਿੱਚ ਬੀਤੇ ਦਿਨੀਂ ਹੋਈ ਬਲਾਕ ਪੱਧਰੀ ਵਿਗਿਆਨ ਪ੍ਰਦਰਸ਼ਨੀ ਵਿੱਚ ਹਰਸ਼ ਵਰਧਨ ਤਲਵਾੜ ਨੇ ਪਹਿਲਾ ਅਤੇ ਕੁਮਾਰੀ ਰਚਨਾ ਭਾਟੀਆ ਨੇ ਤੀਸਰਾ ਸਥਾਨ ਹਾਸਲ ਕਰਨ ਤੋਂ ਇਲਾਵਾ ਹਰਮਨ ਪ੍ਰੀਤ ਤੇ ਕਮਲ ਪ੍ਰੀਤ ਨੇ ਵੀ ਵਧੀਆ ਪ੍ਰਦਰਸ਼ਨ ਕਰਕੇ ਸਕੂਲ ਦਾ ਨਾਂਅ ਰੋਸ਼ਨ ਕੀਤਾ ਹੈ। ਸਕੂਲ ਇੰਚਾਰਜ ਸ਼੍ਰੀਮਤੀ ਮਨਜੀਤ ਕੌਰ ਨੇ ਸਾਇੰਸ ਮਾਸਟਰ ਭਰਤ ਤਲਵਾੜ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਜਿਸ ਸਕੂਲ ਦੇ ਅਧਿਆਪਕ ਪੂਰੀ ਲਗਨ ਅਤੇ ਮਿਹਨਤ ਨਾਲ ਵਿਦਿਆਰਥੀਆਂ ਨੂੰ ਪੜ੍ਹਾਈ ਤੇ ਖੇਡਾਂ ਵਿੱਚ ਤਿਆਰ ਕਰਦੇ ਹਨ ਉਸ ਸਕੂਲ ਦੇ ਵਿਦਿਆਰਥੀ ਜ਼ਿਲ੍ਹਾ ਤੇ ਪੰਜਾਬ ਪੱਧਰ ਤੇ ਹੋਣ ਵਾਲੇ ਮੁਕਾਬਲਿਆਂ ਵਿੱਚ ਆਪਣੇ ਹੁਨਰ ਦੇ ਜੌਹਰ ਵਿਖਾ ਕੇ ਚੰਗੀਆਂ ਪੋਜ਼ੀਸ਼ਨਾਂ ਹਾਸਿਲ ਕਰ ਲੈਂਦੇ ਹਨ।ਉਨ੍ਹਾਂ ਨੇ ਸਾਇੰਸ ਪ੍ਰਦਰਸ਼ਨੀ ਮੁਕਾਬਲਿਆਂ ਵਿੱਚ ਚੰਗੀਆਂ ਪੁਜ਼ੀਸ਼ਨਾਂ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕਰਦੇ ਹੋਏ ਉਨ੍ਹਾਂ ਨੂੰ ਸਨਮਾਨਿਤ ਕੀਤਾ।ਪੰਜਾਬੀ ਅਧਿਆਪਕ ਹਰਦੀਪ ਸਿੰਘ, ਮੈਥ ਮਾਸਟਰ ਨਿਰਮਲ ਕੁਮਾਰ, ਹਿੰਦੀ ਮਿਸਟ੍ਰੈਸ ਗੀਨਾ ਸ਼ਰਮਾ, ਅੰਗਰੇਜੀ ਮੈਡਮ ਗੁਰਬਖਸ਼ ਕੌਰ, ਅਧਿਆਪਕ ਰਾਜਵਿੰਦਰ ਸਿੰਘ ਸ਼ਾਹੀ, ਡੀ.ਪੀ.ਈ ਗੁਰਪ੍ਰੀਤ ਕੌਰ ਅਤੇ ਸਮੂਹ ਸਕੂਲ ਸਟਾਫ ਨੇ ਵਧੀਆ ਪੁਜ਼ੀਸ਼ਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

ਚੱਬੇਵਾਲ ਦੇ ਸਕੂਲਾਂ ਦੇ ਵਿਕਾਸ ਲਈ 2.30 ਕਰੋੜ ਰੁਪਏ ਜਾਰੀ : ਡਾ. ਇਸ਼ਾਂਕ ਕੁਮਾਰ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)

ਚੱਬੇਵਾਲ ਦੇ ਵਿਧਾਇਕ ਡਾ: ਇਸ਼ਾਂਕ ਕੁਮਾਰ ਨੇ ਚੱਬੇਵਾਲ ਹਲਕੇ ਦੇ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਸੁਧਾਰਨ ਅਤੇ ਸਿੱਖਿਆ ਦਾ ਪੱਧਰ ਉੱਚਾ ਚੁੱਕਣ ਲਈ 2.30 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਹੈ। ਇਹ ਰਾਸ਼ੀ ਸਕੂਲਾਂ ਵਿੱਚ ਨਵੇਂ ਕਲਾਸਰੂਮ, ਚਾਰਦੀਵਾਰੀ, ਲਾਇਬ੍ਰੇਰੀਆਂ ਆਦਿ ਲਈ ਵਰਤੀ ਜਾਵੇਗੀ।ਡਾ: ਇਸ਼ਾਂਕ ਕੁਮਾਰ ਨੇ ਕਿਹਾ ਕਿ ਮੈਂ ਆਪਣੇ ਵਿਧਾਨ ਸਭਾ ਹਲਕੇ ਦੇ ਲੋਕਾਂ ਨਾਲ ਕੀਤੇ ਸਾਰੇ ਵਾਅਦਿਆਂ ਨੂੰ ਪੂਰੀ ਇਮਾਨਦਾਰੀ ਨਾਲ ਪੂਰਾ ਕਰ ਰਿਹਾ ਹਾਂ।ਚੱਬੇਵਾਲ ਹਲਕੇ ਦੇ ਸਕੂਲਾਂ ਵਿੱਚ ਸਿੱਖਿਆ ਦੇ ਖੇਤਰ ਵਿੱਚ ਕੀਤੇ ਜਾ ਰਹੇ ਵਿਕਾਸ ਕਾਰਜ ਇਸ ਗੱਲ ਦਾ ਸਬੂਤ ਹਨ । ਇਸ ਰਾਸ਼ੀ ਨੂੰ ਸਰਕਾਰੀ ਸਕੂਲਾਂ ਵਿੱਚ ਵਧੀਆ ਵਿਦਿਅਕ ਮਾਹੌਲ ਬਣਾਉਣ ਲਈ ਵਰਤਿਆ ਜਾਵੇਗਾ, ਤਾਂ ਜੋ ਵਿਦਿਆਰਥੀਆਂ ਨੂੰ ਪੜ੍ਹਾਈ ਲਈ ਸਾਫ਼, ਆਧੁਨਿਕ ਅਤੇ ਸੁਰੱਖਿਅਤ ਮਾਹੌਲ ਮਿਲ ਸਕੇ। ਇਸ ਸਕੀਮ ਤਹਿਤ ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਵਿੱਚ ਆਧੁਨਿਕ ਕਲਾਸਰੂਮ ਬਣਾਏ ਜਾਣਗੇ, ਜੋ ਬੱਚਿਆਂ ਦੀਆਂ ਵਿਦਿਅਕ ਲੋੜਾਂ ਨੂੰ ਪੂਰਾ ਕਰਨ ਵਿੱਚ ਸਹਾਈ ਹੋਣਗੇ।ਨਾਲ ਹੀ ਸਕੂਲਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਕੂਲ ਦੀਆਂ ਇਮਾਰਤਾਂ, ਚਾਰਦੀਵਾਰੀ ਆਦਿ ਦੀ ਉਸਾਰੀ ਦਾ ਕੰਮ ਵੀ ਜਲਦੀ ਮੁਕੰਮਲ ਕਰ ਲਿਆ ਜਾਵੇਗਾ।ਚੱਬੇਵਾਲ ਵਾਸੀ ਉਨ੍ਹਾਂ ਦੇ ਨਵੇਂ ਚੁਣੇ ਗਏ ਵਿਧਾਇਕ ਡਾ: ਇਸ਼ਾਂਕ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕਰ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਵਿੱਚ ਸੁਧਾਰ ਕਰਨ ਨਾਲ ਵਿਦਿਆਰਥੀਆਂ ਦੇ ਵਿਦਿਅਕ ਅਨੁਭਵ ਵਿੱਚ ਸੁਧਾਰ ਹੋਵੇਗਾ ਅ